15 माघ 2027

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.........
ਅਲਮਾਰੀ ....
ਸ੍ਰੀ ਭੈਣੀ ਸਾਹਿਬ

ੴ

੨੦੨੭ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1971

ਸਤਿਜੁਗ

ਦਾ

ਬਸੰਤ ਨੰਬਰ

—ਪ੍ਰਕਾਸ਼ਕ—

ਮੈਨੇਜਰ ਸਤਿਜੁਗ

ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਗਊ ਗਰੀਬ ਦੇ ਰਾਖੇ, ਵਤਨ ਪ੍ਰਸਤੀ ਦੇ ਪੁਜਾਰੀ, ਅਜ਼ਾਦੀ ਸੰਘਰਸ਼ ਦੇ ਬਾਨੀ, ਕਲਜੁਗ ਵਿਚ ਸਤਿਜੁਗੀ ਮਰਯਾਦਾ ਦੇ ਸੰਚਾਲਕ, ਸਿਖ ਪੰਥ ਦੀ ਛਿਪ ਚੁਕੀ ਗੁਰਮਤ ਅਤੇ ਗੁਰ ਮਰਯਾਦਾ ਦੇ ਪਰਗਟ ਕਰਤਾ, ਸ੍ਰੀ ਨਾਨਕ ਰਾਜ ਦੇ ਬਾਰ੍ਹਵੇਂ ਤਖਤ ਨਸ਼ੀਨ, ਸ੍ਰੀ ਦਸਮੇਸ਼ ਜੀ ਦੀ ਜੋਤ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ੧੫੬ ਵੀਂ ਵਰੇ ਗੰਢ ਸਮੇ ਸਾਰੇ ਸੰਸਾਰ ਨੂੰ ਕੋਟਾਨ ਕੋਟ ਵਧਾਈ ਹੋਵੇ !!!

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਜਿਲਦ ੪੬

ਸਤਿਜੁਗ

ਅੰਕ ੭

੧੫ ਮਾਘ ੨੦੨੭ ਵੀਰਵਾਰ—ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੫੬ ੨੮ ਜਨਵਰੀ ੧੯੭੧

ਭਗਤੀ ਮਾਰਗ ਦੀ ਬਸੰਤ

ਬਸੰਤੁ ਚੜਿਆ ਫੂਲੀ ਬਨਰਾਇ ।
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥
ਇਨ ਬਿਧਿ ਇਹੁ ਮਨੁ ਹਰਿਆ ਹੋਇ ॥
ਹਰਿ ਹਰਿ ਨਾਮ ਜਪੈ ਦਿਨ ਰਾਤੀ
ਗੁਰਮੁਖ ਹਉਮੈ ਕਢੈ ਧੋਇ ॥੧॥ ਰਹਾਉ
ਸਤਿਗੁਰ ਬਾਣੀ ਸਬਦ ਸੁਣਾਏ ॥
ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥
ਫਲ ਫੂਲ ਲਾਗੇ ਜਾਂ ਆਪੇ ਲਾਏ ॥
ਮੂਲਿ ਲਗੈ ਤਾਂ ਸਤਿਗੁਰੁ ਪਾਏ ॥੩॥
ਆਪਿ ਬਸੰਤੁ ਜਗਤੁ ਸਭ ਵਾੜੀ ॥
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥੪॥

—ਬਸੰਤੁ ਮਹਲਾ ੩

Sri Satguru Jagjit Singh Ji Elibrary NamdhariElibrary@gmail.com

ਚੀਨੀ ਵਾਲੇ ਸਤਿਗੁਰ ਜੀ ਦੀ ਅਦਿਭੁਤ ਸੁੰਦਰ ਚੀਨੀ।
ਚੀਨੀ੧ ਤੋਂ ਵਧ ਚੀਨੀ ਚੀਨੀ੨ ਵਾਂਗ ਅਰਬਨਾਂ੩ ਚੀਨੀ।
ਚੀਨੀ ਉਤੇ ਚੀਨੀ ਵਾਲਾ ਤਕ ਹਰਿ "ਆਤਮਾ" ਕਹਿੰਦਾ,
ਭਾਗਾਂ ਵਾਲੀ ਚੀਨੀ ਐਸੀ ਹੋਰ ਨਾ ਕੋਈ ੪ ਚੀਨੀ।

ਸੁਆਗਤੀ ਰੁਬਾਈਆਂ

੧ਖੰਡ ੨ਵੇਖੀ ੩ਅਰਬੀ ਨਸਲ ਦੀ ਘੋੜੀ ੪ਵੇਖੀ

ਆਇਆ ਬਸੰਤੀ ਖੇੜਾ ਸੁਣਕੇ ਧਰਤੀ ਵੇਸ ਵਟਾਇਆ।
ਬਾਗੀਂ ਆਈ ਬਹਾਰ ਤਕਕੇ ਕੋਇਲਾਂ ਕੂ ਕੂ ਲਾਇਆ।
ਬੁਲਬੁਲਾਂ ਮੰਗਲ ਗਾਵਣ ਰਲਕੇ ਭੌਰੇ ਪਾਉਣ ਗੁੰਜਾਰਾਂ,
ਵੇਖੋ ਬਸੰਤ ਮਨੌਣ "ਆਤਮਾ" ਗੁਰੂ ਰਾਮ ਹਰਿ ਆਇਆ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ

ਵਲੋਂ—ਭਾਰਤ ਸਰਕਾਰ ਦੇ ਉਪ ਰਾਸ਼ਟਰਪਤੀ ਸ੍ਰੀ ਪਾਠਕ ਜੀ

੬ ਫਗਣ ਸੰਮਤ ੨੦੨੬ ਨੂੰ ਨਾਮਧਾਰੀ ਧਰਮਸਾਲਾ ਪਹਾੜ ਗੰਜ ਦਿਲੀ ਵਿਚ ਮਨਾਏ ਗਏ ਬਸੰਤ ਪੰਚਮੀ ਦੇ ਸਮਾਗਮ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਜਦ ਕਿ ਹਜ਼ਾਰਾਂ ਦਰਸ਼ਕਾਂ ਤੋਂ ਇਲਾਵਾ ਰਾਜਧਾਨੀ ਦੇ ਅਨੇਕਾਂ ਨੇਤਾਵਾਂ ਨੇ ਦਰਸਨ ਦਿਤੇ। ਉਸ ਵਕਤ ਭਾਰਤ ਦੇ ਉਪ ਰਾਸਟਰਪਤੀ ਸ੍ਰੀ ਪਾਠਕ ਜੀ ਨੇ ਹੇਠ ਲਿਖੇ ਸ਼ਬਦਾਂ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ ਬਾਬਤ ਅਪਣੇ ਵਿਚਾਰ ਪ੍ਰਗਟ ਕੀਤੇ।

ਮੇਰੇ ਵਾਸਤੇ ਬਹੁਤ ਹੀ ਮਾਣ ਵਾਲੀ ਗਲ ਹੈ ਕਿ ਅਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ੧੫੫ ਵੇਂ ਪ੍ਰਕਾਸ਼ ਉਤਸ਼ਵ ਦੇ ਸ਼ੁਭ ਮੌਕੇ ਤੇ ਇਸ ਸਮਾਗਮ ਦੀ ਪ੍ਰਧਾਨਗੀ ਕਰਨ ਦਾ ਮੈਨੂੰ ਮਾਣ ਦਿਤਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਅੰਦੋਲਨ ਨੂੰ ਪੰਜਾਬ ਵਿਚ ਜਨਮ ਦਿਤਾ, ਅਰ ਜੋ ਰਾਜ ਨੀਤਕ, ਸਮਾਜਕ, ਤੇ ਆਰਥਿਕ ਸੁਧਾਰ ਕਈ ਸਾਲਾਂ ਪਿਛੋਂ ਸਾਡੇ ਦੇਸ਼ ਵਿਚ ਹੋਏ। ਉਹਨਾਂ ਸਾਰਿਆਂ ਵਿਚ ਉਹ ਹੀ ਇਕ ਆਗੂ ਸਨ।

ਆਪ ਸਭ ਚੰਗੀਤਰਾਂ ਜਾਣਦੇ ਹੋ ਕਿ ਸੰਨ ੧੭੯੯ ਤੋਂ ੧੮੩੯ ਤਕ ਪੰਜਾਬ, ਮਹਾਰਾਜਾ ਰਣਜੀਤ ਸਿੰਘ ਜੀ ਦੇ ਚੰਗੇ ਰਾਜ ਵਿਚ ਕਿਨਾ ਸੋਹਣਾ ਫਲਿਆ ਤੇ ਫੁਲਿਆ ਅਰ ਕਿਤਨੀ ਉਸਨੇ ਤਰੱਕੀ ਕੀਤੀ। ਪੰਜਾਬ ਉਸ ਸਮੇ ਬਹੁ ਬਾਸੀ ਸੂਬਾ ਸੀ। ਜਿਸ ਵਿਚ ਕਈ ਜਾਤੀਆਂ ਦੇ ਲੋਕ ਰਹਿੰਦੇ ਸਨ ਤੇ ਓਥੋਂ ਦੀ ਸਰਕਾਰੀ ਭਾਸ਼ਾ ਫਾਰਸੀ ਸੀ। ਲੋਕ ਵਖ ਵਖ ਤਰਾਂ ਦੀ ਬੋਲੀ ਬੋਲਦੇ ਸਨ ਅਰ ਵਖ ਵਖ ਸੰਪ੍ਰਦਾਵਾਂ ਦੇ ਆਗੂ ਮੌਜੂਦ ਸਨ। ਲਾਹੌਰ ਸਰਕਾਰ ਜਿਸਨੂੰ ਉਸ ਸਮੇ ਲਾਹੌਰ ਦਰਬਾਰ ਦੇ ਨਾਮ ਨਾਲ ਸਦਿਆ ਜਾਂਦਾ ਸੀ ਉਸਨੇ ਇਹ ਸਭ ਤਰਾਂ ਦੀਆਂ

Sri Satguru Jagjit Singh Ji Elibrary NamdhariElibrary@gmail.com

ਜਾਤੀਆਂ ਅਰ ਸੰਪ੍ਰਦਾਵਾਂ ਤੇ ਬਹੁ ਭਾਸ਼ੀ ਲੋਕਾਂ ਨੂੰ ਇਕ ਮੁੱਠ ਕੀਤਾ ਅਤੇ ਆਪਸ ਵਿਚ ਇਕ ਦੂਜੇ ਨਾਲ ਸਮਾਨਤਾ ਅਤੇ ਪ੍ਰੇਮ ਨਾਲ ਰਹਿਣ ਦੀ ਭਾਵਨਾ ਦੱਸੀ। ਲਾਹੌਰ ਸਰਕਾਰ ਦੀ ਜੀਤਾ ਖਾਲਸਾ ਪੰਥ ਦੇ ਚੰਗੇ ਰਾਜ ਪ੍ਰਬੰਧ ਤੇ ਧਰਮ ਨਿਰਪਖਤਾ ਦੇ ਸਿਧਾਂਤਾ ਨਾਲ ਸੰਗਠਤ ਸੀ। ਪੰਜਾਬ ਦੀ ਇਹ ਏਕਤਾ ਅਤੇ ਸਮਾਨਤਾ, ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਨਿਗਾਹ ਵਿਚ ਰੜਕਣੀ ਇਕ ਸੁਭਾਵਿਕ ਹੀ ਸੀ।

ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਇਕ ਸੁਤੰਤ੍ਰ ਅਰ ਸ਼ਕਤੀ ਸ਼ਾਲੀ ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਾਸਤੇ ਇਕ ਖਤਰੇ ਦਾ ਨਿਸ਼ਾਨ ਸਮਝਦੀ ਸੀ। ਤੇ ਚਾਹੁੰਦੀ ਸੀ ਕਿ ਜਿਸਤਰਾਂ ਵੀ ਹੋਵੇ ਇਸ ਖਤਰੇ ਨੂੰ ਖਤਮ ਕੀਤਾ ਜਾਵੇ। ਉਹ ਈਸਟ ਇੰਡੀਆ ਕੰਪਨੀ ਜਦ ਕਿ ਇਸ ਸੋਚ ਵਿਚ ਮਗਨ ਸੀ ਉਸਨੂੰ ਇਹ ਅਵਸਰ ਛੇਤੀ ਹੀ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਪਿਛੋਂ ਸੰ: ੧੮੩੯ ਨੂੰ ਮਿਲ ਗਿਆ। ਉਸ ਵਕਤ ਜੋ ਪੰਜਾਬ ਵਿਚ ਰਾਜਸੀ ਗੜ ਬੜ ਹੋਈ ਉਸਦਾ ਅੰਗ੍ਰੇਜ਼ਾਂ ਨੇ ਪੂਰਾ ਪੂਰਾ ਫਾਇਦਾ ਉਠਾਇਆ ਅਤੇ ਸੰਨ ੧੮੪੯ ਨੂੰ ਅੰਗ੍ਰੇਜ਼ੀ ਹਕੂਮਤ ਨੇ ਪੰਜਾਬ ਤੇ ਕਬਜਾ ਕਰਕੇ ਉਸਨੂੰ ਅਪਣੇ ਰਾਜ ਵਿਚ ਸ਼ਾਮਲ ਕਰ ਲਿਆ। ਅਤੇ ਖਾਲਸਾ ਪੰਥ ਦੇ ਪ੍ਰਭਾਵਾਂ ਨੂੰ ਮਿਟੌਣ ਵਾਸਤੇ ਜਤਨ ਸ਼ੀਲ ਹੋ ਗਏ। ਇਸ ਵਕਤ ਪੰਜਾਬ ਦੀ ਆਮ ਜੰਨਤਾ ਬਿਲਕੁਲ ਹਿੰਮਤ ਹਾਰ ਗਈ ਅਤੇ ਅੰਗ੍ਰੇਜ਼ੀ ਰਾਜ ਦੇ ਅਧੀਨ ਹੋ ਗਈ।

ਸਾਡੇ ਦੇਸ਼ ਦੀ ਹਮੇਸ਼ਾ ਤੋਂ ਪਰੰਪਰਾ ਚਲੀ ਆਈ ਹੈ ਕਿ ਜਦੋਂ ਵੀ ਸਾਡੇ ਦੇਸ਼ ਤੇ ਕੋਈ ਔਕੜ ਆਈ। ਉਸ ਵਕਤ ਏਥੇ ਕੋਈ ਨਾ ਕੋਈ ਮਹਾਂ ਪੁਰਸ਼ ਅਵਤਾਰ ਧਾਰਕੇ ਆਉਂਦਾ ਰਹਿਆ ਹੈ। ਪੰਜਾਬ ਦੇ ਇਸ ਘੋਰ ਅੰਧਕਾਰ ਤੇ ਦੁਖ ਦੇ ਦਿਨਾਂ ਵਿਚ ਪਰਮ ਪੂਜਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਿਆ।

ਸ਼ੁਰੂ ਵਿਚ ਇਹ ਖਾਲਸਾ ਫੌਜ ਦੇ ਬੜੇ ਚੰਗੇ ਸੈਨਕ ਸਨ। ਅਰ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਸਾਥੀਆਂ ਤੇ ਹੋਰ ਅਨੁਜਾਈਆਂ ਨੂੰ ਚੰਗੀਤਰਾਂ ਜਾਣਦੇ ਸਨ। ਸਿਖ ਰਾਜ ਤੋਂ ਬਾਦ ਸਤਿਗੁਰੂ ਜੀਨੇ ਪੰਜਾਬ ਦੀ ਇਸ ਦੀਨ ਦਸ਼ਾ ਨੂੰ ਅਨੁਭਵ ਕੀਤਾ ਤੇ ਪ੍ਰਣ ਧਾਰਿਆ ਕਿ ਜਿਵੇਂ ਵੀ ਹੋਵੇ ਪੰਜਾਬ ਦੀ ਖੁਸ ਚੁਕੀ ਸ਼ਾਨ ਤੇ ਵਿਸ਼ਾਲਤਾ ਨੂੰ ਫਿਰ ਜੀਵਤ ਕੀਤਾ ਜਾਵੇ।

ਇਸਤਰਾਂ ਸੋਚਨਾ ਤੋਂ ਬਾਦ ਇਨਾਂ ਨੇ ਸੰਨ ੧੮੫੭ ਵਿਚ ਇਕ ਅੰਦੋਲਨ ਨੂੰ ਜਨਮ ਦਿਤਾ। ਜਿਸਦਾ ਮੁਖ ਉਦੇਸ਼ ਸਪਸ਼ਟ ਰੂਪ ਵਿਚ ਰਾਜਨੀਤੀ ਸਮਾਜਕ ਅਤੇ ਆਰਥਿਕਤਾ ਨੂੰ ਉਨੱਤ ਕਰਨਾ ਸੀ। ਇਸ ਅੰਦੋਲਨ ਦਾ ਨਾਮ ਨਾਮਧਾਰੀ ਅੰਦੋਲਨ ਪੈ ਗਿਆ। ਸਹੀ ਅਰਥਾਂ ਵਿਚ ਇਸ ਅੰਦੋਲਨ ਦੇ ਅਧੀਨ ਜੋ ਸੁਧਾਰ ਪੰਜਾਬ ਵਿਚ ਉਸ ਵੇਲੇ ਹੋਏ ਉਹ ਬਾਕੀ ਸਾਰੇ ਦੇਸ਼ ਵਿਚ ਲਗ ਭਗ ੫੦ ਸਾਲ ਦੇ ਬਾਦ ਹੋਏ।

ਨਾਮਧਾਰੀ ਅਸੂਲਾਂ ਦਾ ਗਠ ਜੋੜ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ ਅਰ ਆਮ ਜਨਤਾ ਵਿਚ ਇਨਾਂ ਅਸੂਲਾਂ ਦਾ ਪ੍ਰਚਾਰ ਉਹਨਾਂ ਦੇ ਸਿਖਾਂ ਨੇ ਕੀਤਾ।

Sri Satguru Jagjit Singh Ji Elibrary NamdhariElibrary@gmail.com

ਇਹਨਾਂ ਅਸੂਲਾਂ ਦਾ ਨਚੋੜ ਸੁਧਤਾ ਸ਼ਕਤੀ ਵ ਨਿਸ਼ਚੇ ਤੇ ਹੈ ਸਮਾਜ ਕੁਰੀਤੀਆਂ ਨੂੰ ਦੂਰ ਕਰਨ ਵਿਚ ਇਨਾਂ ਅਸੂਲਾਂ ਤੋਂ ਬਹੁਤ ਸਹੈਤਾ ਮਿਲੀ। ਆਰਥਿਕ ਮਾਮ-ਲਿਆਂ ਵਿਚ ਆਦਮੀ ਤੇ ਪ੍ਰਵਾਰ ਦਾ ਕੀ ਸਬੰਧ ਹੋਣਾ ਚਾਹੀਦਾ ਹੈ, ਇਸਨੂੰ ਚੰਗੀਤਰਾਂ ਦਸਿਆ। ਕੋਈ ਕੰਮ ਛੋਟਾ ਜਾਂ ਹੀਣ ਨਹੀਂ ਹੈ। **ਪਰੰਤੂ ਧਰਮ ਦੀ ਕਿਰਤ ਕਰਦੇ ਰਹਿਣਾ ਹੀ ਤਪਸਿਆ ਦੇ ਸਮਾਨ ਹੈ।** ਇਸ ਗਲ ਨੂੰ ਪ੍ਰਮੁਖਤਾ ਦਿਤੀ ਗਈ ਸੀ। ਸਮਾਜ ਵਿਚ ਇਸਤ੍ਰੀਆਂ ਦਾ ਵੀ ਉਹੋ ਸਥਾਨ ਹੈ ਜੋ ਆਦਮੀਆਂ ਦਾ। ਅਰ ਉਸੇਤਰਾਂ ਇਸਤ੍ਰੀਆਂ ਨੂੰ ਆਦਮੀਆਂ ਦੇ ਬਰਾਬਰ ਹਕ ਮਿਲਣੇ ਚਾਹੀਦੇ ਹਨ ਤਾਂ ਹੀ ਸਮਾਜ ਉਨਤੀ ਦੇ ਰਾਹ ਤੇ ਚਲ ਸਕਦਾ ਹੈ।

ਇਸਤੋਂ ਇਲਾਵਾ ਗੁਰੂ ਜੀ ਨੇ ਵਿਆਹ ਸ਼ਾਦੀਆਂ ਨੂੰ ਘਟ ਖਰਚ ਤੇ ਗੁਰ ਮਰਜਾਦਾ ਅਨੁਸਾਰ ਕਰਨ ਦੀ ਰੀਤੀ ਚਲਾਈ। **ਪਛੜੇ ਹੋਏ ਲੋਕਾਂ ਨੂੰ ਸਮਾਜਿਕ ਨਿਆਇ ਦਿਤਾ।** ਰਾਜਨੀਤੀ ਵਿਚ ਵੀ ਨਾਮਧਾਰੀਆਂ ਦਾ ਯੋਗ ਦਾਨ ਘਟ ਨਹੀਂ ਸੀ ਉਦਾਹਰਨ ਵਜੋਂ ਉਨਾਂ ਦੇ ਪ੍ਰਚਾਰ ਵਿਚ ਅੰਗ੍ਰੇਜ਼ੀ ਚੀਜਾਂ ਦਾ ਪੂਰਨ ਬਾਈਕਾਟ ਅਤੇ ਸੁਦੇਸ਼ੀ ਚੀਜਾਂ ਦੀ ਵਰਤੋਂ ਅਰ ਖਾਲਸਾ ਰਾਜ ਸਥਾਪਨ ਦਾ ਨਿਸ਼ਾਨਾ ਸੀ।

ਨਾਮਧਾਰੀ ਪੰਥ ਦੀ ਸਥਾਪਨਾ ਤੋਂ ਪੰਜ ਵਰੇ ਬਾਦ ਹੀ ਨਾਮਧਾਰੀਆਂ ਨੇ ਅਪਣੇ ਤੇਜਸਵੀ ਸ੍ਰੀ ਸਤਿਗੁਰੂ ਜੀ ਦੀ ਛਤ੍ਰ ਛਾਇਆ ਹੇਠ ਵੀਰਤਾ, ਦੇਸ਼ ਭਗਤੀ ਅਤੇ ਆਤਿਮਕਿ ਸ਼ਕਤੀ ਨਾਲ ਅੰਗ੍ਰੇਜ਼ਾਂ ਦੇ ਦਿਲ ਵਿਚ ਦਹਿਸ਼ਤ ਫੈਲਾ ਦਿਤੀ।

ਸ੍ਰੀ ਸਤਿਗੁਰੂ ਜੀ ਅਤੇ ਨਾਮਧਾਰੀ ਬ੍ਰਿਟਿਸ਼ ਰਾਜ ਦੇ ਬਹੁਤ ਹੀ ਵਡੇ ਦੁਸ਼ਮਨ ਸਮਝੇ ਜਾਣ ਲਗੇ। ਅਰ ਏਥੋਂ ਰਪੋਟ ਲੰਡਨ ਭੇਜੀ ਜਾਂਦੀ ਉਸ ਵਿਚ ਵੀ ਇਸੇਤਰਾਂ ਦਾ ਜ਼ਿਕਰ ਕੀਤਾ ਜਾਂਦਾ ਸੀ। ਅੰਗ੍ਰੇਜ਼ਾਂ ਦੇ ਦਿਲ ਵਿਚ ਇਹ ਗਲ ਬੈਠਾਈ ਗਈ ਹੋਈ ਸੀ ਕਿ ਗੁਰੂ ਜੀ ਬਹੁਤ ਖਤਰਨਾਕ ਆਦਮੀ ਹਨ। ਇਸ ਵਾਸਤੇ ਉਨਾਂ ਨੂੰ ਅਤੇ ਉਨਾਂ ਦੇ ਸਾਥੀਆਂ (ਨਾਮਧਾਰੀਆਂ) ਨੂੰ ਦਬਾਨ ਵਾਸਤੇ ਸਖਤ ਕਾਨੂੰਨ ਦਾ ਦੌਰ ਸ਼ੁਰੂ ਕਰ ਦਿਤਾ ਅਰ ਗੁਰੂ ਜੀ ਨੂੰ ਸੰਨ ੧੮੭੨ ਵਿਚ ਗ੍ਰਿਫਤਾਰ ਕੀਤਾ ਅਰ ਬਾਦ ਵਿਚ ਉਨਾਂ ਨੂੰ ਬਰਮਾਂ ਭੇਜ ਦਿਤਾ।

ਸੰਨ ੧੮੭੨ ਦੇ ਇਹਨਾਂ ਹੀ ਦਿਨਾਂ ਵਿਚ ਮਲੇਰ ਕੋਟਲੇ ਨਾਮਧਾਰੀ ਸਿੰਘਾਂ ਨੂੰ ਬਿਨਾ ਮੁਕਦਮਾ ਚਲਾਏ ਤੋਪਾਂ ਨਾਲ ਸ਼ਹੀਦ ਕੀਤਾ ਗਿਆ। ਤੇ ਸਰੋਂ ਨਾਮਧਾਰੀ ਅੰਦੋ-ਲਨ ਤੇ ਉਸਦੇ ਨੇਤਾ ਨੂੰ ਦਬੋਣ ਵਾਸਤੇ ਹਕੂ-ਮਤ ਵਲੋਂ ਖਾਸ ਕਦਮ ਉਠਾਏ ਗਏ। ਵਾਸਤਵ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਪੰਜਾਬ ਵਿਚ ਗੁਰੂ ਜੀ ਨੇ ਹੀ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੇ ਬੀਜ ਬੀਜੇ ਸਨ।

ਇਹ ਗਲ ਚੰਗੀਤਰਾਂ ਜ਼ਾਹਿਰ ਹੈ ਕਿ ਗੁਰੂ ਜੀ ਨੇ ਅੰਗ੍ਰੇਜ਼ੀ ਹਕੂਮਤ ਦੇ ਵਿਰੁਧ

ੜਨ ਸਮੇ ਜਿ... ...ਦੇਸੀ ਦੀ ਵਰਤੋਂ ਅਰ ਬਿਦੇਸੀ (ਬ੍ਰਿਟਿਸ਼) ਚੀਜਾਂ ਦੀ ਨਾ ਮਿਲ ਵਰਤਨ ਕਰਨ ਦੀ ਗਲ ਆਖੀ ਸੀ ਉਹੋ ਗਲ ਅਗੇ ਚਲਕੇ ...ਧੀ ਜੀ ਨੇ ਰਾਜਨੀਤਕ ਕਾਰਜ ਕਰਮ ... ਇਕ ਮੁਖ ਅੰਗ ਬਣਕੇ ਸਾਮਣੇ ਆਈ।

ਭਾਸ਼ਾ ਅਰ ਧਰਮ, ਜਾਤੀ ਅਰ ਵਰਗ ਦਾ ਭੇਦ ਅਜੇ ਵੀ ਹੈ। ਦੁਰਭਾਗ ਨਾਲ ਅ... ਹਿਸਿਆਂ ਵਿਚ ਨਫ਼ਰਤ ਦੀ ਭਾ...ਨਾ ਹੈ। ਸ੍ਰੀ ਸਤਿਗੁਰੂ ਜੀ ਨੇ ਜਨ-ਮਤ ਦੁਆਰਾ ਸਮਾਜਿਕ ਨਿਆਇ ਦਾ ਜੋ ਸੁਧਾਰ ਤੇ ਪ੍ਰਚਾਰ ਪ੍ਰਸਾਰਤ ਕੀਤਾ ਸੀ ਉਹ ਅਜੇ ਵੀ ਪੂਰੀਤਰਾਂ ਸਾਨੂੰ ਪ੍ਰਾਪਤ ਨਹੀਂ ਹੋਇਆ। ਹਾਲਾਂ ਕਿ ਸਾਡੇ ਸੰਵਿਧਾਨ ਵਿਚ ਇਸਦੀ ਪੂਰੀ ਗਰੰਟੀ ਹੈ।

ਇਸ ਮਹਾਨ ਸਤਿਗੁਰੂ ਜੀ ਦੀ ੧੫੫ਵੇਂ ਪ੍ਰਕਾਸ਼ ਉਤਸ਼ਵ ਦੇ ਸਮਾਰੋਹ ਸਮੇ ਸਾਨੂੰ ਆਸ਼ਾ ਅਤੇ ਵਿਸ਼ਵਾਸ ਧਾਰਨ ਕਰਨਾ ਚਾਹੀਦਾ ਹੈ ਕਿ ਉਹਨਾਂ ਦਾ ਤੇਜਸ੍ਵੀ ਜੀਵਨ ਭਾਰਤ ਨੂੰ ਇਕ ਮਜਬੂਤ ਤੇ ਏਕਤਾ ਬਨੌਣ ਵਿਚ ਸਦਾ ਪ੍ਰੇਰਨਾ ਦਿੰਦਾ ਰਹੇਗਾ।

ਅਨੁਵਾਦਕ—

ਹਰਬੰਸ ਸਿੰਘ ਅਰੋੜਾ
ਸ੍ਰੀ ਜੀਵਨ ਨਗਰ

ਕੁਛ ਧਿਆਨ ਯੋਗ ਅਰਜ਼ਾਂ

* ਸੰਮਤ ੨੦੨੮ ਨੂੰ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸਤਿਜੁਗ ਦਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਮਨ ਸ਼ਤਾਬਦੀ ਅੰਕ ਬਹੁਤ ਸ਼ਾਨਦਾਰ ਪ੍ਰਕਾਸ਼ਤ ਕੀਤਾ ਜਾਵੇਗਾ। ਜਿਸ ਵਿਚ ਉਚ ਕੋਟੀ ਦੇ ਵਿਦਵਾਨਾਂ ਦੇ ਲੇਖ ਸੁਚੱਜੇ ਤੇ ਹਰਮਨ ਪਿਆਰੇ ਕਵੀਆਂ ਦੀਆਂ ਰਚਨਾਵਾਂ ਤੋਂ ਇਲਾਵਾ ਬਹੁਤ ਹੀ ਸੁੰਦਰ ਇਤਹਾਸਕ ਤਸਵੀਰਾਂ ਤੇ ਹੋਰ ਬਲਾਕ ਹੋਣਗੇ। ਨਾਮਧਾਰੀ ਸਾਹਿਤਯ ਵਿਚ ਇਹ ਅੰਕ ਅਪਣੀ ਮਿਸਾਲ ਆਪ ਹੀ ਹੋਵੇਗਾ।

ਇਸ ਵਾਸਤੇ ਸਭ ਨਾਮਧਾਰੀ ਸਜਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਮਹਾਨ ਪ੍ਰਭਾਵ ਸ਼ਾਲੀ ਸਤਿਜੁਗ ਦੇ ਪ੍ਰਕਾਸ਼ਤ ਹੋਣ ਵਾਲੇ ਅੰਕ ਨੂੰ ਪ੍ਰਾਪਤ ਕਰਨ ਵਾਸਤੇ ਉਹ ਛੋਟੀ ਤੋਂ ਛੋਟੀ ੧੦) ਰੁਪੈ ਸਲਾਨਾ ਚੰਦਾ ਭੇਜਕੇ ਸਾਲ ਭਰ ਅਖਬਾਰ ਪੜਨ ਤੇ ਇਹ ਅੰਕ ਮੁਫਤ ਪ੍ਰਾਪਤ ਕਰਨ।

* ਸਤਿਗੁਰਾਂ ਦੇ ਦ੍ਰਸਨ ਨਮਿਤ ਹੋ ਰਹੇ ਸਵਾ ਲਖ ਪਾਠਾਂ ਦੀ ਨਿਰਵਿਘਨ ਸਮਾਪਤੀ ਵਾਸਤੇ ਸਭ ਨਾਮਧਾਰੀ ਪਾਠ ਕਰਨ ਤੇ ਕਰਵੌਣ ਵਿਚ ਉਤਨਾਂ ਚਿਰ ਤਤਪਰ ਰਹਿਣ ਜਿਤਨਾ ਚਿਰ ਸ੍ਰੀ ਸਤਿਗੁਰੂ ਜੀਦੀ ਆਗਿਆ ਅਨੁਸਾਰ ਪਾਠਾਂ ਦੇ ਭੋਗ ਨਹੀਂ ਪਾਏ ਜਾਂਦੇ।

Sri Satguru Jagjit Singh Ji Elibrary NamdhariElibrary@gmail.com

ਨਵੇਂ ਉਤਸ਼ਾਹਾਂ ਭਰੀ ਬਸੰਤ ਅਤੇ

ਸਾਡਾ ਫਰਜ਼

ਰਿਤੂ ਰਾਜ ਬਸੰਤ ਦੇ ਔਣ ਸਮੇਂ ਉਤਸ਼ਾਹ ਸ਼ਬਦ ਦੀ ਵਰਤੋਂ ਕੁਦਰਤੀ ਤੌਰ ਤੇ ਜੁਗਾਂ ਤੋਂ ਚਲੀ ਆ ਰਹੀ ਹੈ। ਸਤਿਜੁਗ ਦੇ ਯੁਗ ਵਿਚ ਜਦੋਂ ਹਰਨਾਖ਼ਸ਼ ਨੇ ਖੁਦ ਪ੍ਰਸਤੀ ਨੂੰ ਬੜ੍ਹਾਵਾ ਦੇਣ ਵਾਸਤੇ ਸਾਰੇ ਲੋਕਾਂ ਨੂੰ ਅਪਨੇ ਨਾਮ ਦੀ ਭਗਤੀ ਕਰਵੌਣ ਵਾਸਤੇ ਮਜਬੂਰ ਕਰ ਰਖਿਆ ਸੀ ਅਰ ਆਸਕਤਾ ਦੇ ਪਖੋਂ ਜਿਸ ਹਾਲਤ ਨੂੰ ਈਸ਼ਵਰੀ ਭਗਤੀ ਮਾਰਗ ਉਤੇ ਪਤ-ਝੜ ਦਾ ਸਮਾਂ ਆਖਿਆ ਜਾ ਸਕਦਾ ਹੈ। ਉਸ ਵਕਤ ਜਦ ਕਿ ਉਸਦੇ ਸਪੁਤ੍ਰ ਪ੍ਰਹਿਲਾਦ ਭਗਤ ਨੇ ਮੁੜ ਨਵੇਂ ਸਿਰੇ ਭਗਤੀ ਮਾਰਗ ਦਾ ਖੇੜਾ ਲਿਆਂਦਾ। ਮੌਸਮੀ ਤੌਰ ਤੇ ਉਸ ਵਕਤ ਵੀ ਬਸੰਤ ਦੀ ਰੁਤ ਹੀ ਸੀ। ਜਿਸਦੀ ਯਾਦ ਉਸ ਵਕਤ ਤੋਂ ਲੈਕੇ ਹੁਣ ਤਕ ਬਸੰਤ ਦੀ ਰੁਤ ਵਿਚ ਹੋਲੀਆਂ ਦੇ ਦਿਨਾਂ ਵਿਚ ਮਨਾਈ ਜਾਂਦੀ ਹੈ।

ਮਹੀਨਿਆਂ ਦੇ ਕ੍ਰਮ ਅਨੁਸਾਰ ਰੁਤਾਂ ਅਰ ਬਨਾਸਪਤੀ ਦੀ ਪੌਂਗਰ ਅਰੰਭ ਹੋਣ ਦੇ ਸਮੇਂ ਨੂੰ ਗਹੁ ਨਾਲ ਵੇਖਿਆਂ ਪਤਾ ਲਗੇਗਾ ਕਿ ਭਗਵਾਨ ਰਾਮ ਚੰਦ੍ਰ ਜੀ ਦਾ ਚੇਤ੍ਰ ਸੁਦੀ ਨੌਮੀ ਨੂੰ ਅਵਤਾਰ ਧਾਰਨ ਦਾ ਦਿਨ ਵੀ ਬਸੰਤ-ਰੁਤ ਦੇ ਮੌਸਮ ਵਿਚ ਹੀ ਔਂਦਾ ਹੈ ਜੋ ਮਹਾਨ ਉਤਸ਼ਾਹ ਜਨਕ ਤਿਉਹਾਰ ਮੰਨਿਆਂ ਜਾਂਦਾ ਹੈ।

ਬਹੁਤ ਦੂਰ ਨ ਜਾਂਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿਤ੍ਰ ਬਾਣੀ ਪੜ੍ਹਨ ਤੋਂ ਪ੍ਰਤੀਤ ਹੁੰਦਾ ਹੈ ਕਿ ਆਪ ਜੀ ਨੇ ਵੀ ਅਪਨੇ ਮਨੁਖ ਮਾਤ੍ਰ ਨੂੰ ਰੂਹਾਨੀਅਤ ਦਾ ਉਪਦੇਸ਼ ਦਿੰਦਿਆਂ ਬਸੰਤ ਰੁਤ ਨੂੰ ਮੁਮਾਰਖੀ ਸ਼ਬਦਾਂ ਦੇ ਸੰਕੇਤ ਨਾਲ ਯਾਦ ਕੀਤਾ ਹੋਇਆ ਹੈ ਜਿਹਾ ਕਿ—

ਮਾਹਾ ਮਾਹ ਮੁਮਾਰਖੀ ਚੜਿਆ ਸਦ ਬਸੰਤੁ।
ਪਰਫੜੁ ਚਿਤ ਸਮਾਲਿ ਸੋਇ, ਸਦਾ ਸਦਾ ਗੋਬਿੰਦੁ ॥ ਬਸੰਤ ਮਃ੧

ਸਗੋਂ ਗੁਰੂ ਜੀ ਨੇ ਬਸੰਤ ਦੇ ਆਗਮਨ ਨੂੰ ਕੁਦਰਤ ਦੀ ਰਚਨਾ ਵਿਚ ਸਭ ਤੋਂ ਪਹਿਲੇ

Sri Satguru Jagjit Singh Ji Elibrary NamdhariElibrary@gmail.com

ਨੰਬਰ ਤੇ ਗਿਣਿਆ ਹੋਇਆ ਹੈ ਜਿਹਾ ਕਿ-

ਪਹਿਲ ਬਸੰਤੈ ਆਗਮਨਿ
ਪਹਿਲਾ ਮਉਲਿਓ ਸੋਇ।
ਜਿਤੁ ਮਉਲਿਐ ਸਭ ਮਉਲੀਐ
ਤਿਸ ਹਿਨ ਮਉਲਿਓ ਕੋਇ।
ਸੂਹੀ ਦੀ ਵਾਰ ਮ: ੧

ਅਥਵਾ-

ਪਹਿਲ ਬਸੰਤੈ ਆਗਮਨਿ
ਤਿਸਕਾ ਕਰਹੁ ਬੀਚਾਰੁ।
ਨਾਨਕ ਸੋ ਸਾਲਾਹੀਐ
ਜਿ ਸਭਸੈ ਦੇਇ ਅਧਾਰੁ।
ਵਾਰ ਸੂਹੀ ਮ: ੨

ਸ੍ਰੀ ਗੁਰੂ ਅਮਰਦਾਸ ਜੀ ਨੇ ਅਪਣੀ ਰਚਨਾ ਵਿਚ ਬਸੰਤ ਰੁਤ ਨੂੰ ਬੜੇ ਰੌਚਿਕ ਸ਼ਬਦਾਂ ਵਿਚ ਅੰਕਿਤ ਕੀਤਾ ਹੈਜਿਹਾ ਕਿ-

ਮਾਹਾ ਰੁਤੀ ਮਹਿ ਸਦ ਬਸੰਤੁ।
ਜਿਤ ਹਰਿਆ ਸਭੁ ਜੀਵ ਜੰਤੁ।।
ਬਸੰਤ ਮ: ੩

ਅਥਵਾ-

ਬਨਸਪਤਿ ਮਉਲੀ ਚੜਿਆ ਬਸੰਤੁ।
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ।

-ਸਗੋਂ-ਸਿਖ ਦੇ ਭਗਤੀ ਮਾਰਗ ਦੀ ਰਮਣੀਕ ਅਵਸਥਾ ਅਰ ਭਗਤੀ ਹੀਣ ਮਨ ਦੀ ਸੜੀ ਅਵਸਥਾ ਦੇ ਵਰਨਨ ਕਰਨ ਸਮੇਂ ਗੁਰੂ ਜੀ ਬਸੰਤ ਨੂੰ ਖਾਸ ਤਰਜੀਹ ਦਿੰਦੇ ਹਨ। ਜਿਹਾ ਕਿ-

ਤਿਨ ਬਸੰਤ ਜੋ ਹਰਿ ਗੁਣ ਗਾਇ।
ਪੂਰੈ ਭਾਗਿ ਹਰਿ ਭਗਤਿ ਕਰਾਇ।੧
ਇਸ ਮਨੁ ਕਉ ਬਸੰਤ ਕੀ ਲਗੈ ਨ ਸੋਇ।
ਇਹੁ ਮਨੁ ਜਲਿਆ ਦੂਜੈ ਦੋਇ।
ਬਸੰਤ ਮ: ੩

ਸ੍ਰੀ ਗੁਰੂ ਅਰਜਨ ਦੇਵ ਜੀ ਵੀ ਬਸੰਤ ਰੁਤ ਨੂੰ ਮੰਗਲ ਮਈ ਸਮੇਂ ਨਾਲ ਸੰਬੋਧਦੇ ਹਨ, ਜਿਹਾ ਕਿ-

ਗੁਰੁ ਸੇਵਉ ਕਰਿ ਨਮਸਕਾਰੁ।
ਆਜ ਹਮਾਰੈ ਮੰਗਲ ਚਾਰੁ।.........
ਆਜ ਹਮਾਰੈ ਗ੍ਰਿਹਿ ਬਸੰਤੁ।
ਗੁਨ ਗਾਏ ਪ੍ਰਭ ਤੁਮ ਬੇਅੰਤ।
ਬਸੰਤ ਮ: ੫

ਅਰਥ—ਦੂਸਰੇ ਥਾਂ ਗੁਰੂ ਜੀ ਗੁਰੂਮਤ ਬਿਹੀਨ ਮਨੁਖਾਂ ਨੂੰ ਗੁਰੂ ਧਾਰਨ ਕਰਕੇ ਨਾਮ ਜਪਣ ਦਾ ਉਪਦੇਸ਼ ਬਸੰਤ ਰੁਤ ਦੇ ਉਦਾਹਰਨ ਦੁਆਰਾ ਇਸਤਰਾਂ ਦਿੰਦੇ ਹਨ। ਜਿਹਾ ਕਿ—

ਦੇਖ ਫੂਲ ਫੂਲ ਫੂਲੇ।
ਅਹੰ ਤਿਆਗਿ ਤਿਆਗ ਤਿਆਗੋ।
ਸਘਨ ਬਾਸੁ ਕੂਲੇ।
ਇਕਿ ਰਹੇ ਸੂਕਿ ਕਠੂਲੇ।
ਬਸੰਤਿ ਰੁਤਿ ਆਈ
ਪਰਫੂਲਤਾ ਰਹੇ।
ਅਬ ਕਲੂ ਆਇਓਰਿ ਆਇਓ।
ਇਕ ਨਾਮ ਬੋਵਹੁ ਬੋਵਹੁ।
ਬਸੰਤ ਮ: ੫

ਇਤਿਆਦਿਕ ਗੁਰਬਾਣੀ ਦੇ ਪ੍ਰਮਾਣਾਂ ਤੋਂ ਪਤਾ ਲਗਦਾ ਹੈ ਕਿ ਬਸੰਤ ਰੁਤ ਕੁਦਰਤ ਤੌਰ ਤੇ ਉਤਸ਼ਾਹਾਂ ਦੀ ਪ੍ਰਤੀਕ ਹੈ ਅਰ

Sri Satguru Jagjit Singh Ji Elibrary NamdhariElibrary@gmail.com

ਬ੍ਰਿਹੋਂ ਦੀ ਹਾਲਤ ਵਿਚ ਕਿਸੇ ਬ੍ਰਿਹੀ ਜੀਵਨ ਵਾਸਤੇ ਇਹ ਵਣਤ੍ਰਿਣ ਤੇ ਹੋਰ ਸਾਰੇ ਬ੍ਰਹਿ-ਮੰਡ ਨੂੰ ਖੇੜੇ ਵਿਚ ਲਿਆਉਣ ਵਾਲੀ ਬਸੰਤੀ ਰੁਤ ਮਹਾਨ ਦੁਖ ਦੇਣ ਵਾਲੀ ਅਥਵਾ ਮਨ ਤਨ ਨੂੰ ਸਾੜਨ ਵਾਲੀ ਅਗਨੀ ਵੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਪਣੇ ਇਕ ਸਲੋਕ ਵਿਚ ਉਪ੍ਰੋਕਤ ਦੋਹਾਂ ਹਾਲਤਾਂ ਦਾ ਜ਼ਿਕਰ ਬੜੇ ਸੰਖਿਪਤ ਪਰਭਾਵ ਪੂਰਤ ਸ਼ਬਦਾਂ ਦੁਆਰਾ ਕੀਤਾ ਹੋਇਆ ਹੈ। ਜਿਹਾ ਕਿ—

ਨਾਨਕ ਤਿਨਾ ਬਸੰਤੁ ਹੈ
ਜਿਨ ਘਰਿ ਵਸਿਆ ਕੰਤੁ।
ਜਿਨਕੇ ਕੰਤ ਦਿਸਾ ਪੁਰੀ
ਸੇ ਅਹਿ ਨਿਸਿ ਫਿਰਹਿ ਜਲੰਤੁ।
ਸੂਹੀ ਦੀ ਵਾਰ ਮ ੨

ਅਜ ਦੇ ਪ੍ਰਕਰਨ ਨੂੰ ਹੋਰ ਨੇੜੇ ਲਿਆਉਂਦਾ ਹੋਇਆ ਮੈਂ ਪਾਠਕਾਂ ਸਾਹਵੇਂ ਬਸੰਤ ਦੀ ਰੁਤ ਬਾਬਤ ਨਾਮਧਾਰੀ ਦ੍ਰਿਸ਼ਟੀ ਕੋਣ ਤੋਂ ਕੁਝ ਵਿਚਾਰ ਪੇਸ਼ ਕਰਦਾ ਹਾਂ।

ਇਸ ਗਲ ਨੂੰ ਸਾਰੇ ਇਤਿਹਾਸਕਾਰ ਮੰਨਦੇ ਹਨ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਸੰਮਤ ੧੮੭੨ ਦੀ ਬਸੰਤ (ਮਾਘ ਸੁਦੀ ਪੰਚਮੀ) ਨੂੰ ਹੋਇਆ ਜਿਹਾ ਕਿ-

ਸੋਈ ਨੇਤ ਫੁਰੀ ਆਈ ਸੰਮਤ ਬਹੱਤ੍ਰੇ ਮੈ।
ਮਾਘ ਸੁਦੀ ਪੰਚਮੀ ਸਵੇਰੇ ਗੁਰ ਵਾਰ ਕੈ।
ਜਿਲਾ ਲੁਧਿਆਣੇ ਗਾਮ ਭੈਣੀ ਨਾਮ ਜਾਣੈ ਆਮ
ਪ੍ਰਗਟਿਓ ਰਾਮ ਸਿੰਘ ਕਲ ਮਲੈ ਟਾਰ ਕੈ।
ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ

ਜਿਸਤਰਾਂ ਆਮ ਤੌਰ ਤੇ ਰੁਤਾਂ ਦਾ ਅਸਲੀ ਮੌਸਮ ਚੇਤ੍ਰ ਵਿਸਾਖ ਵਿਚ ਬਸੰਤ, ਜੇਠ ਹਾੜ ਨੂੰ ਘਾਮ ਰੁਤਿ ਦੇ ਹਸਾਬ ਦੇ ਨਾਲ ਮੰਨਿਆ ਜਾਂਦਾ ਹੈ ਅਰ ਇਸ ਭਾਵ ਨੂੰ ਲੈਕੇ ਗੁਰੂ ਸਾਹਿਬਾਂ ਵੀ ਗੁਰਬਾਣੀ ਵਿਚ ਰੁਤੀ ਦੇ ਸਿਰ ਲੇਖ ਹੇਠਾਂ ਉਪ੍ਰੋਕਤ ਲਿਖੇ ਮਹੀਨਿਆਂ ਦੇ ਕ੍ਰਮ ਅਨੁਸਾਰ ਹੀ ਰੁਤਾਂ ਦਾ ਸੰਕੇਤ ਦਿਤਾ ਹੋਇਆ ਹੈ। ਜਿਹਾ ਕਿ—-

ਰੁਤਿ ਸਰਸ ਬਸੰਤ ਮਾਹ
ਚੇਤੁ ਵੈਸਾਖ ਸੁਖ ਮਾਸੁ ਜੀਉ।
ਹਰਿ ਜੀਉ ਨਾਹੁ ਮਿਲਿਆ
ਮਉਲਿਆ ਮਨੁ ਤਨੁ ਸਾਸੁ ਜੀਉ।
(ਰਾਮਕਲੀ ਮ: ੫)

ਪਰ ਬਸੰਤ ਪੰਚਮੀ ਦਾ ਤਿਉਹਾਰ ਆਮ ਤੌਰ ਤੇ ਮਾਘ ਦੇ ਮਹੀਨੇ ਵਿਚ ਹੀ ਹੋਇਆ ਕਰਦਾ ਹੈ। ਜਿਸਦਾ ਭਾਵ ਕਈ ਵਿਦਵਾਨ ਇਹ ਲਾਇਆ ਕਰਦੇ ਹਨ ਕਿ ਜਿਵੇਂ ਕਿਸੇ ਪਾਤਸ਼ਾਹ ਦੇ ਔਣ ਤੋਂ ਪਹਿਲਾਂ ਸਥਾਨਕ ਤਿਆਰੀ ਵਾਸਤੇ ਆਮ ਕ੍ਰਮਚਾਰੀ ਪਹਿਲਾਂ ਔਂਦੇ ਹਨ ਤਿਵੇਂ ਰਾਜ ਰਿਤੂ ਬਸੰਤ ਦੇ ਆਗਮਨ ਤੋਂ ਪਹਿਲਾਂ ਬਸੰਤ ਅਤੇ ਹੋਲੀਆਂ ਦੇ ਖੁਸ਼ੀ ਭਰੇ ਤਿਉਹਾਰ ਪਹਿਲਾਂ ਔਂਦੇ ਹਨ ਅਤੇ ਖੁਸ਼ੀ ਪੂਰਵਕ ਮਨਾਏ ਜਾਂਦੇ ਹਨ।

ਇਸੇਤਰਾਂ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਭਾਵੇਂ ਗੁਰ ਸਿਖੀ ਦਾ ਪ੍ਰਚਾਰ ਤੇ ਆਜ਼ਾਦੀ ਦਾ ਸੰਘਰਸ਼ ਪੂਰਨ ਰੂਪ ਵਿਚ ਸੰਮਤ ੧੯੧੪ ਜਾਂ ਸੰਨ ੧੮੫੭ ਦੇ ਉਸ ਸਮੇਂ ਤੋਂ ਹੀ ਕੀਤਾ। ਜਦੋਂ ਜਿਥੇ ਨੀਤਕ ਤੌਰ ਤੇ ਅੰਗਰੇਜੀ ਹਕੂਮਤ ਦੀ ਪਛੌਂ ਦਾ ਠੰਢੀ ਹਵਾ ਨਾਲ ਸਾਰੇ ਪੂਰਬੀ ਭਾਗ (ਭਾਰਤ)

Sri Satguru Jagjit Singh Ji Elibrary NamdhariElibrary@gmail.com

ਵਿਚ ਸਿਆਸੀ ਤੌਰ ਤੇ ਪਤ ਝੜ ਹੋ ਚੁਕੀ ਸੀ। ਉਥੇ ਧਾਰਮਿਕ ਤੌਰ ਤੇ ਸ੍ਰੀ ਦਸਮੇਸ਼ ਜੀ ਦੇ ਸਾਜੇ ਨਿਵਾਜੇ ਪੰਥ ਦੇ ਵਧੇਰੇ ਸਰ-ਦਾਰੀ ਜਾਗੀਰਦਾਰੀ ਤੇ ਪੁਜਾਰੀ ਤਬਕੇ ਉਤੇ ਸਿਖ ਰਾਜ ਦੀ ਤਬਾਹੀ ਤੋਂ ਬਾਦ ਏਸੇ ਪਛਮੀ ਹਕੂਮਤ ਦੀ ਵਫਾਦਾਰੀ ਦਾ ਕੋਰਾ ਚਪਾ ਚਪਾ ਜੰਮਗਿਆ ਸੀ। ਜਿਸਦੇ ਕਾਰਨ ਗੁਰ ਸਿਖੀ ਧਰਮ ਦੀਆਂ ਰਸਮਾਂ ਰਿਵਾ-ਇਤਾਂ ਪਛਮੀ ਸਭਜਤਾ ਤੇ ਵਿਦਿਆ ਅਰ ਰਹਿਣ ਸਹਿਣ ਦੀ ਬਰਫ ਬਾਰੀ ਹੇਠਾਂ ਦਬ ਚੁਕੀਆਂ ਸਨ।

ਐਨਅਜੇਹੀਹਾਲਤਵਿਚਸ੍ਰੀਸਤਿਗੁਰੂਰਾਮ ਸਿੰਘ ਜੀ ਦੇ ਸੰਮਤ ੧੯੧੪,੧ਵਿਸਾਖ ਤੋਂ ਅਰੰਭ ਕੀਤੇ ਪ੍ਰਚਾਰ ਨੇ ਆਪਣੀ ਨੂਰਾਨੀ ਸ਼ਕਤੀ ਦੀ ਪਾਵਰ ਨਾਲ ਜਿਥੇ ਪੰਜਾਬ ਵਿਚ ਵਿਦੇਸੀ ਤੇ ਸਮਾਜੀ ਕੁਰੀਤੀਆਂ ਦੀ ਪਈ ਹੋਈ ਬਰਫ ਬਾਰੀ ਨੂੰ ਪੰਘਰਾਉਣਾ ਸ਼ੁਰੂ ਕੀਤਾ, ਅਤੇ ਅਸਿਖੀ ਦੀਆਂ ਅਜਿ-ਹੀਆਂ ਕੁਰਹਿਤਾਂ ਜਿਨਾਂ ਦਾ ਜਿਕਰ ਉਸ ਵਕਤਦੇ ਇਤਹਾਸਕਾਰ ਗਿਆਨੀ ਗਿਆਨ ਸਿੰਘ ਨੇ ਅਪਨੀ ਕਲਮ ਨਾਲ ਇੰਵ ਕੀਤਾ ਹੋਇਆ ਹੈ ਕਿ—

ਨ੍ਰਿਪ ਸਰਦਾਰ ਚਲਾਕ ਭਏ
ਕੁਛ ਬਦਲੀ ਪੌਣ ਜ਼ਮਾਨੇ।
ਦਾੜ੍ਹੇ ਚਾੜ੍ਹੇ ਤੁੰਗਲ ਬਾਲੇ
ਸੁੰਦਰ ਬਸਨ ਹੰਢਾਨੇ।
ਛਲੇ ਛਾਪਾਂ ਕੰਗਣ ਕੰਠੇ
ਪਹਿਨਣ ਲਗੇ ਬਦੇਰੇ।
...ਗ ਪਰ ਸਾਫੇ ਕੰਨਾ ਵਾਲੇ
ਕੁੜਤੇ ਪਸਮੇ ਹੇਰੇ।.........

ਲੌਂਡਯੋਂ ਮੁੰਡਯੋਂ ਕੁਲਟਾ ਚੋਰੀ
ਕੋਰੀ ਸੰਗਤ ਕਰ ਹੈਂ।
ਪੀਐਂ ਸ਼ਰਾਬ ਖਰਾਬ ਕਰੈਂ
ਕੰਮ ਪੀਟੇਂ ਪਰ ਜਾ ਡਰ ਹੈਂ।
ਪੰਥ ਪ੍ਰਕਾਸ਼ ਪ੍ਰਕਾਸ਼ਨ ਭਾਸ਼ਾ-
ਵਿਭਾਗ (ਪੰਨਾ ੧੩੦੧)

ਅਰਥਾਤ—

ਡਾਰੇ ਦਸਤਾਰੇ ਧਾਰੇ ਪਗੜ ਸੰਹਾਰੇ ਕਾਹੂ
ਕਛੈਂ ਤਜ ਆਛੈਂ ਧੋਤੀ ਤੰਬੇਧਾਰ ਹੈਂ ਲਏ।
ਕਿਨਹੂ ਉਖਾੜੀ ਦਾੜ੍ਹੀ ਮੂਛ ਛੂਛਾ ਕੀਨਛਾੜੀ
ਸ਼ਕਲੈਂ ਬਿਗਾੜੀਹੈਂ ਅਨਾੜੀ ਗਾੜੀ ਹੈਂ ਜਏ।
(ਪੰਨਾ ੧੩੦੯)

ਅਥਵਾ—

ਕੋਈ ਬਾਰ ਪਾਰੈਂ ਓਚੈਂ
ਨਾਕ ਨੋਚੈਂ ਮੋਚਨੇ ਲੈ
ਕੋਈ ਖੋਚੈਂ ਲਤਨ ਕੋ ਸੋਚੈਂ ਨ ਲਖਾਇ ਹੈਂ।
ਕੋਊ ਦਾੜ੍ਹੈਂ ਹੀ ਉਖਾਰੈਂ
ਮੂਛੈ ਪਾੜੈਂ ਝਾੜਨ ਜਿਉਂ
ਪੂਛੈਂ ਸੋਤ ਛਾੜੈਂ
ਕੋਊਸਾੜੈਂ ਦਵਾ ਲਾਇ ਹੈਂ।
ਬਗਲੈਂ ਉਪਾਰੈਂ ਕੋਊ
ਭੌਹੈਂ ਸੇਹੈਂ ਕੀ ਉਖਾਰੈਂ
ਨਾਸਿਕਾ ਕੋ ਫਾਰ ਹਾਥ
ਮਾਥ ਪੈ ਚਲਾਇ ਹੈਂ।
ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ
ਹਾਇ ਵੇ ਕਸਾਈ ਰਹੇ
ਸਿਖੀ ਗਊ ਘਾਇ ਹੈਂ।
ਪੰਥ ਪ੍ਰਕਾਸ਼

ਨੂੰ ਦੂਰ ਕਰਨ ਵਾਸਤੇ ਨਵੇਂ ਸਿਰੇ ਸਿਖੀ ਰੂਪ ਬ੍ਰਿਛ ਨੂੰ ਜਿਥੇ ਪੌਂਗਰ ਦਾ ਰੂਪ ਦਿਤਾ,

Sri Satguru Jagjit Singh Ji Elibrary NamdhariElibrary@gmail.com

ਉਥੇ ਬਾਕੀ ਭਾਰਤ ਵਿਚ ਫੈਲੀ ਹੋਈ ਪ੍ਰਾਧੀ-ਨਤਾ ਦੀ ਪਤ ਝੜ ਨੂੰ ਦੂਰ ਕਰਨ ਵਾਸਤੇ ਵੀ ਉਸੇ ਵਕਤ ਤੋਂ ਹੀ ਰਾਜ ਨੀਤਕ ਨੁਕਤਾ ਨਿਗਾਹ ਨਾਲ ਪਛਮੀ ਹਵਾ ਦਾ ਵੇਗ ਬਦ-ਲਨ ਲਈ ਅਪਣੇ ਢੰਗ ਨਾਲ ਬਣਾਏ ਨਾ ਮਿਲਵਰਤਨ ਤੇ ਸਤਿਆ ਗ੍ਰਹਿ ਦੇ ਅਸੂਲਾਂ ਵਾਲੀਆਂ ਗੈਸ ਪਲਾਟਾਂ ਰਾਹੀਂ ਆਜ਼ਾਦੀ ਦੀ ਗੈਸ ਛਡਨੀ ਸ਼ੁਰੂ ਕੀਤੀ। ਗੁਰੂ ਜੀ ਦੇ ਉਪ੍ਰੋਕਤ ਜਤਨਾਂ ਨਾਲ ਦੇਸ ਧਰਮ ਅਤੇ ਕੌਮਵਿਚ ਜਾਗ੍ਰਤੀਦਾ ਪ੍ਰੀਵਰਤਨ ਆਇਆ, ਭਾਵੇਂ ਉਸਨੂੰ ਬਾ-ਤਰਤੀਬ ਦੁਹਰਾਨਾ ਅਜ ਵੀ ਉਤਨਾ ਹੀ ਜਰੂਰੀ ਹੈ, ਜਿਤਨਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਇਸਦਾ ਹੋਣਾ ਜਰੂਰੀ ਮੰਨਿਆ ਜਾਂਦਾ ਸੀ, ਪਰ ਲੇਖ ਬ੍ਰਿਧੀ ਦੇ ਕਾਰਨ ਬਹੁਤਾ ਕੁਝ ਨਾ ਲਿਖਦਾ ਹੋਇਆ ਸਿਖ ਪੰਥ ਵਿਚ ਸਤਿਗੁਰਾਂ ਦੇ ਉਪਦੇਸ਼ ਨਾਲ ਆਏ ਸੁਧਾਰ ਬਾਬਤ ਗਿਆਨੀ ਗਿਆਨ ਸਿੰਘ ਦੀਆਂ ਲਿਖੀਆਂ ਇਹ ਪੰਗਤੀਆਂ ਹੀ ਨਮੂਨੇ ਵਜੋਂ ਪੇਸ਼ ਕਰਦਾ ਹਾਂ ਕਿ-—

ਦੇਕੈ ਉਪਦੇਸ਼ ਨਾਮ ਤਾਰੇ ਹੈਂ ਬਿਸ਼ੇਸ਼ ਜਨ,
ਰਾਮ ਮਿਗ੍ਰੇਸ਼ ਦੇਸ ਸਰਬ ਸੁਧਾਰਿਓ।
ਚੋਰੀ, ਯਾਰੀ, ਤੈ ਸ਼ਰਾਬ,
ਫੀਮ, ਭੰਗ, ਰੰਗ ਨਾਨਾ,
ਤਜ ਵਾਏ, ਲਾਖੋਂਹੀ ਬਨਾਏ ਸਿੰਘਸਾਰਿਓ।
ਪੰਥ ਪ੍ਰਕਾਸ਼ ਪੰਨਾ ੧੨੬੭

ਹਾਲਾਂ ਜਦ ਕਿ ਇਸ ਤੋਂ ਪਹਿਲੀਆਂ ਐਡੀਸ਼ਨਾਂ ਵਿਚ ਗਿਆਨੀ ਜੀ ਨੇ ਉਪ੍ਰੋਕਤ ਭਾਵਾਂ ਨੂੰ ਇਸਤਰਾਂ ਵਿਸਥਾਰ ਨਾਲ ਵੀ ਲਿਖਿਆ ਹੋਇਆ ਹੈ ਜਿਹਾ ਕਿ—

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ
ਰਾਮ ਮ੍ਰਿਗੇਸ਼ ਉਪਦੇਸ ਦੈਨ ਲਾਗਿਓ।
ਹੁਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ
ਸੁਧਾ ਛਕ ਥਾਏ ਸਿੰਘ ਭਾਗ ਜਿਨੈ ਜਾਗਿਓ।
ਫੈਲਯੋਜਸਭਾਰੀ ਸਿਖਥੀਏ ਤਾਂਹਿਕੇਅਪਾਰੀ
ਸਿਖ ਪੰਥ ਬਿਰਧਾਨੋ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ
ਠਗੀ ਤਜ ਥੀਏ ਸੰਤ ਸਤਿਜੁਗ ਆਗਿਓ।
ਪੰਥ ਪ੍ਰਕਾਸ਼ ਐਡੀਸ਼ਨ ਦੂਸਰੀ

ਉਥੇ ਦੇਸ਼ ਦੀ ਅਜਾਦੀ ਵਿਚ ਲਿਆਂਦੇ ਗਏ ਪ੍ਰੀਵਰਤਨ ਬਾਬਤ ਇਕ ਗੈਰ ਨਾਮਧਾਰੀ ਸਜਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਬੰਧੀ ਅਪਨੇ ਖਿਆਲ ਇਸਤਰਾਂ ਲਿਖਦੇ ਹਨ ਜਿਹਾ ਕਿ—

ਨਾਮਿਲਵਰਤਨ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ

ਸਿਖੀ ਡੁਬਦੀ ਆਣ ਬਚਾਈ,
ਅੰਗਰੇਜੀ ਰਾਜ ਦੀ ਜੜ ਹਿਲਾਈ।
ਨਾਂਮਿਲਵਰਤਨ ਚਾਲ ਚਲਾਈ,
ਬਾਈਕਾਟ ਦੀ ਚਾਲ ਪੜ੍ਹਾਈ।
ਸੁਦੇਸ਼ੀ ਦੀ ਵਰਤੋਂ ਸਿਖਾਈ,
ਛਡੋ ਭਾਰਤ ਦੀ ਅਵਾਜ਼ ਉਠਾਈ।
ਸੁਤੰਤ੍ਰਤਾ ਦੀ ਲਹਿਰ ਚਲਾਈ,
ਗਊ ਰਖਿਆ ਦੀ ਕਸਮ ਖੁਲਾਈ।
ਅਹਿੰਸਾ ਦੀ ਜੰਗ ਸਿਖਾਈ,
ਕਾਂਗਰਸ ਨੇ ਉਹ ਅਪਨਾਈ।
ਜੋ ਗੁਰੂ ਸਾਡੇ ਬਿਧੀ ਚਲਾਈ,

Sri Satguru Jagjit Singh Ji Elibrary NamdhariElibrary@gmail.com

ਗਾਂਧੀ ਨੇ ਮੁੜ ਫਿਰ ਚਲਾਈ।
ਜਿਸ ਦੇ ਨਾਲ ਆਜ਼ਾਦੀ ਪਾਈ।
(ਦਸਤਕਾਰ ਲੁਧਿਆਣਾ ੧੧ ਫਰਵਰੀ)

ਉਪ੍ਰੋਕਤ ਉਦਾਹਰਨ ਕੇਵਲ ਨਮੂਨੇ ਮਾਤ੍ਰ ਹੀ ਲਿਖੇ ਗਏ ਹਨ ਜਦ ਕਿ ਇਸ ਕਿਸਮ ਦੇ ਸੈਂਕੜੇ ਪ੍ਰਮਾਨ ਨਾਮਧਾਰੀ ਇਤਹਾਸਕਾਰ ਤੇ ਗੈਰ ਨਾਮਧਾਰੀਆਂ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ ਸਮਾਜਿਕ ਤੇ ਦੇਸ਼ ਸੁਤੰਤ੍ਰਤਾ ਬਾਬਤ ਕੀਤੇ ਇਨਕਲਾਬਾਂ ਬਾਬਤ ਲਿਖੇ ਮਿਲਦੇ ਹਨ।

ਮੈ ਵਰਤਮਾਨ ਕਾਲ ਦੇ ਨਾਮਧਾਰੀਆਂ ਨੂੰ ਜਿਥੇ ਇਸ ਸ੍ਰੀ ਸਤਿਗੁਰੂ ਜੀ ਦੇ ਪ੍ਰਕਾਸ਼ ਹੋਣ ਦਾ ਸੰਦੇਸ਼ ਬਸੰਤ ਪੰਚਮੀ ਦੇ ਮੌਕੇ ਉਤੇ ਪੇਸ਼ ਕਰਦਾ ਹਾਂ ਉਥੇ ਹਰ ਨਾਮਧਾਰੀ ਨੂੰ ਇਸ ਗਲ ਤੋਂ ਜਾਣੂ ਕਰਵੌਣਾ ਚਾਹੁੰਦਾ ਹਾਂ ਕਿ ਸੰਨ ੧੯੭੧ ਨੂੰ ਆਈ ਇਹ ਬਸੰਤ ਸੌ ਸਾਲਾ ਸ਼ਤਾਬਦੀ ਦੀ ਯਾਦ ਨੂੰ ਤਾਜਾ ਕਰਨ ਵਾਲੀ ਬਸੰਤ ਹੈ ਅਰ ਨਾਮਧਾਰੀ ਇਤਹਾਸ ਵਿਚ ਸੰਨ ੧੯੭੧ ਅਤੇ ਸੰਮਤ ੧੯੨੮ ਦਾ ਸਾਲ ਅਮਲੀਰੂਪ 'ਚ ਆਇਆ ਇਕ ਮਹਾਨ ਇਨਕਲਾਬੀ ਸਾਲ ਸੀ। ਇਸੇ ਸਾਲ ਹਾੜ ਦੇ ਮਹੀਨੇ ਅੰਮ੍ਰਿਤਸਰ ਅੰਮ੍ਰਿਤ ਸਰੋਵਰ ਦੀ ਬੇਅਦਬੀ ਨਾਂ ਸਹਾਰਦਿਆਂ ਬੁਚੜ ਬਧ ਕੀਤੇ। ਅਤੇ ਫਿਰ ਇਸ ਦੋਸ਼ ਦਾ ਇਕਬਾਲ ਕਰਦਿਆਂ ੧੫ ਸਤੰਬਰ ੧੮੭੧ ਨੂੰ ਫਾਂਸੀਆਂ ਦੁਆਰਾ ੪ ਸਿੰਘਾਂ ਨੇ ਅੰਮ੍ਰਿਤਸਰ ਰਾਮ ਬਾਗ ਦੇ ਪਾਸ ਬੋਹੜ ਹੇਠਾਂ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਇਸੇ ਵਰੇ ਕੁਝ ਨਾਮਧਾਰੀ ਸਿੰਘਾਂ ਰਾਏ ਕੋਟ ਦੇ ਸ੍ਰੀ ਦਸਮੇਸ਼ ਪਿਤਾ ਵੇਲੇ ਇਤਹਾਸਕ ਗੁਰਦਵਾਰੇ ਦੀ ਬੇਅਦਬੀ (ਜੋ ਗੁਰਦਵਾਰੇ ਤੋਂ ਥੋੜੀ ਦੂਰ ਬਨਾਏ ਗਏ ਗਊ ਬਧ ਵਾਲੇ ਬੁਚੜ ਖਾਨੇ ਤੋਂ ਇਲਾਂ ਗਿਟਝਾਂ ਮੋਟੇ ਮਾਸ ਦੀਆਂ ਬੋਟੀਆਂ ਲਿਆਕੇ ਸ੍ਰੀ ਗੁਰਦਵਾਰਾ ਸਾਹਿਬ ਦੇ ਬਨੇਰਿਆਂ ਤੇ ਬੈਠਕੇ ਖਾਣ ਤੇ ਵਿਠਾਂ ਕਰਨ ਨਾਲਹੁੰਦੀ ਸੀ) ਨਾ ਬ੍ਰਦਾਸ਼ਤ ਕਰਦਿਆਂ ਉਸ ਬੁਚੜਖਾਨੇ ਤੇ ੧੫ ਜੁਲਾਈ ਸੰਨ ੧੮੭੧ ਨੂੰ ਹਮਲਾ ਕਰਕੇ ਬੁਚੜ ਮਾਰੇ ਅਤੇ ੫ ਅਗਸਤ ੧੮੭੧ ਨੂੰ ਰਾਏਕੋਟ ਫਾਸੀਆਂ ਨਾਲ ਸ਼ਹੀਦੀ ਜਾਮ ਛਕੇ। ਇਸੇ ਤਰਾਂ ਸੂਬਾ ਗਿਆਨੀ ਸਿੰਘ ਜੀ ਮੰਡੀ ਅਤੇ ਸੰਤ ਰਤਨ ਸਿੰਘ ਨਾਈ ਵਾਲੀਏ ਨੂੰ ਬਿਲਕੁਲ ਨਿਰਦੋਸ਼ੀ ਹੋਣ ਤੇ ਵੀ ੨੬ ਨਵੰਬਰ ੧੮੭੧ ਵਾਲੇ ਦਿਨ ਲੁਧਿਆਣੇ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ।

ਇਸ ਤਰਾਂ ਮਲੇਰਕੋਟਲੇ ਵਾਲਾ ਉਹ ਸਾਕਾ ਜਿਸਦਾ ਅਰੰਭ ੧੩ ਜਨਵਰੀ ਸੰਨ ੧੮੭੨ -੧ ਮਾਘਸੰਮਤ ੧੯੨੮ ਨੂੰ ਹੋਇਆ ਇਹ ਵੀ ਬੀਤੇ ਸਾਲ ਦੇ ਕਾਰਨਾਮਿਆਂ ਦੀ ਇਕ ਖਾਸ ਕੜੀ ਸੀ, ਜਿਥੇ ੧੭-੧੮ ਜਨਵਰੀ ੧੮੭੨ ਨੂੰ(ਮਲੇਰਕੋਟਲੇਦੇ ਬੁਚੜਾਂ ਤੇ ਧਾਵਾ ਕਰਨ ਤੇ ਕੁਝ ਕਸਾਈ ਮਾਰਨ) ਮਲੇਰਕੋਟਲੇ ਦੇ ਇਸ ਰਕੜ ਜਿਸ ਨੂੰ ਉਸ ਸਮੇ ਤੋਂ ਕੂਕਿਆਂ ਦਾ ਕਲਰ ਆਖਿਆ ਜਾਂਦਾ ਹੈ ੬੫-੬੬ ਸਿੰਘ ਤੋਪਾਂ ਦੁਆਰਾ ਸ਼ਹੀਦੀ ਪ੍ਰਾਪਤ ਕਰ ਗਏ ਅਰ ਜਿਸ ਸਿਲਸਿਲੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ ਇਹ ਸਾਰਾ ਕੁਝ ਤਕ੍ਰੀਬਨ ਇਕੋ ਸਾਲ ੧੮੭੧ ਅਰ ੧੯੨੮ ਵਿਚ ਹੋਇਆ।

Sri Satguru Jagjit Singh Ji Elibrary NamdhariElibrary@gmail.com

ਉਸ ਵਕਤ ਤੋਂ ਬਾਅਦ ਜਿਥੇ ਕਾਫ਼ੀ ਚਿਰ ਨਾਮਧਾਰੀ ਸਿੰਘ ਵਿਦੇਸ਼ੀ ਹਕੂਮਤ ਦੀ ਬੰਦਸ਼ ਕਾਰਨ ਇਨਾਂ ਸ਼ਹੀਦਾਂ ਦੀਆਂ ਸ਼ਹਾਦਤ ਗਾਹਾਂ ਜਾਕੇ ਉਨਾਂ ਦੀਆਂ ਯਾਦਾਂ ਨਾ ਮਨਵਾ ਸਕੇ ਅਰ ਆਪਣੇ ਕੇਂਦਰ ਸਥਾਨਾਂ ਤੇ ਹੀ ਸ਼ਹੀਦਾਂ ਨਮਿਤ ਪਾਠਾਂ ਦੇ ਭੋਗ ਤੇ ਮੇਲੇ ਕਰਵਾਉਂਦੇ ਰਹੇ ਉਥੇ ਭਾਰਤ ਅਜ਼ਾਦ ਹੋਣ ਤੋਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਹਰ ਸਾਲ ਸ਼ਹਾਦਤਾਂ ਦੀਆਂ ਤਰੀਖਾਂ ਸਮੇ ਅੰਮ੍ਰਿਤਸਰ, ਰਾਏਕੋਟ, ਲੁਧਿਆਨੇ ਤੇ ਮਲੇਰਕੋਟਲੇ ਆਦਿਕ ਥਾਵਾਂ ਤੇ ਪਹੁੰਚ ਕੇ ਸ਼ਹੀਦਾਂ ਦੀ ਯਾਦ ਵਿਚ ਮੇਲਾ ਕਰਵਾਉਣ ਤੇ ਪਾਠਾਂ ਦੇ ਭੋਗ ਪਵਾਨ ਦੀ ਪ੍ਰੰਪਰਾ ਕੈਮ ਕੀਤੀ ਜੋ ਅਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤ੍ਰ ਛਾਇਆ ਹੇਠ ਬਦਸ – ਤੂਰ ਹੁੰਦੀ ਚਲੀ ਆ ਰਹੀ ਹੈ। ਸਗੋਂ ਬੀਤੇ ਸਾਲ ਸ੍ਰੀ ਸਤਿਗੁਰੂ ਜੀ ਨੇ ਹਜ਼ਾਰੀ ਬਾਗ ਬਿਹਾਰ ਵਿਚ ਇਕ ਸਥਾਨਕ ਜੇਲ ਦੇ ਅਹਾਤੇ (ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਜਲਾਵਤਨ ਕੀਤੇ ਗਏ ਸੂਬਾ ਸਾਹਿਬ ਸਿੰਘ ਜੀ ਦਾ ਦੇਹਾਂਤ ਹੋਇਆ ਸੀ) ਵਿਚ ਸੰਗਤਾਂ ਸਮੇਤ ਜਾਕੇ ਉਨਾਂ ਦੀ ਸ਼ਹੀਦੀ ਯਾਦ ਮਨੌਣ ਦੀ ਪ੍ਰੰਪਰਾ ਜਾਰੀ ਕੀਤੀ ਅਤੇ ਇਸੇ ਤਰਾਂ ਬਾਕੀ ਸ਼ਹੀਦਾਂ ਦੀ ਬਾਬਤ ਜਿਨਾਂ ਦਾ ਅਜੇ ਤਕ ਪੂਰਾ ਪਤਾ ਨਹੀ ਲਗਾ ਉਨਾ ਬਾਬਤ ਸਰਕਾਰੀ ਕਾਗਜਾਂ ਦੁਆਰਾ ਖੋਜ ਕਰਨ ਦਾ ਸਿਲਸਿਲਾ ਜਾਰੀ ਕਰ ਰਖਿਆ ਹੈ ਤਾਂ ਕਿ ਸਭ ਦੇਸ਼ ਭਗਤ ਤੇ ਧਰਮੀ ਸ਼ਹੀਦਾਂ ਦੀ ਯਾਦ ਹਰ ਸਾਲ ਮਨਾਈ ਜਾਇਆ ਕਰੇ।

ਭਾਵੇਂ ਨਾਮਧਾਰੀ ਸੰਗਤ ਵਿਚ ਤਕ੍ਰੀਬਨ ਪਿਛਲੇ ਬਸੰਤ ਦੇ ਪੁਰਬ ਤੋਂ ਹੀ ਸ੍ਰੀ ਸਤਿ ਗੁਰੂ ਜਗਜੀਤ ਸਿੰਘ ਜੀ ਵਲੋਂ ਹੀ ਇਹ ਐਲਾਨ ਕੀਤਾ ਗਿਆ ਸੀ ਕਿ ਸੰਮਤ ੨੦੨੮ ਅਨੁਸਾਰ ੧੯੭੧-੭੨ ਦਾ ਸਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਮਨ ਸ਼ਤਾਬਦੀ ਦੇ ਸਬੰਧ ਵਿਚ ਮਨਾਇਆ ਜਾਵੇਗਾ ਅਰ ਇਸੇ ਨਿਸ਼ਾਨੇ ਤੇ ਉਸੇ ਸਮੇ ਤੋਂ ਹਜ਼ੂਰ ਨੇ ਸਤਿਗੁਰਾਂ ਦੇ ਦਰਸ਼ਨਾਂ ਨਮਿਤ ਸ੍ਰੀ ਗ੍ਰੰਥ ਸਾਹਿਬ ਦੇ ਸਵਾ ਲਖ ਪਾਠ ਪੂਰੇ ਕਰਨ ਦਾ ਹੁਕਮ ਨਾਮਧਾਰੀ ਸੰਗਤ ਨੂੰ ਦਿਤਾ ਸੀ ਜਿਸਦੇ ਅਨੁਸਾਰ ਇਸ ਵਕਤ ਸਭ ਨਾਮਧਾਰੀ ਮਾਈ ਭਾਈ ਬੁਢੇ ਬਾਲੇ ਸਤਿਗੁਰ ਦੇ ਇਸ ਹੁਕਮ ਦੀ ਪਾਲਣਾ ਕਰਦੇ ਹੋਏ ਗੁਰਬਾਣੀ ਦੇ ਪਾਠ ਕਰ ਰਹੇ ਹਨ।

ਇਸ ਤੋਂ ਬਿਨਾਂ ਇਸ ਸਾਲ ਦਾ ਨਾਮ ਧਾਰੀ ਹੋਲਾ ਵੀ ਇਸੇ ਸ਼ਤਾਬਦੀ ਦੇ ਸਬੰਧ ਵਿਚ ਸ੍ਰੀ ਅਨੰਦਪੁਰ ਸਾਹਿਬ ਹੀ ਸਤਿਗੁਰਾਂ ਨੇ ਕਰਨ ਦਾ ਹੁਕਮ ਦਿਤਾ ਹੋਇਆ ਹੈ। ਪਰ ਫਿਰ ਵੀ ਇਸ ਸ਼ਤਾਬਦੀ ਵਾਲੇ ਸਾਲ ਵਿਚ ਨਾਮਧਾਰੀ ਸਾਧ ਸੰਗਤ ਦਾ ਆਪਨਾ ਵੀ ਫਰਜ ਬਣਦਾ ਹੈ ਕਿ ਇਸ ਸਾਲ ਵਿਚ ਨਾਮਧਾਰੀ ਪ੍ਰਚਾਰ ਨੂੰ ਦੁਨੀਆਂ ਭਰ ਦੇ ਕੋਨੇ ਕੋਨੇ ਅਰ ਭਾਰਤ ਭੂਮੀ ਦੇ ਘਰ ਘਰ ਵਿਚ ਪਹੁੰਚਾਨ ਵਾਸਤੇ ਸ੍ਰੀ ਸਤਿਗੁਰੂ ਜੀ ਤੋਂ ਆਗਿਆ ਪ੍ਰਾਪਤ ਕਰਕੇ ਜਥੇਬੰਦਕ ਤੌਰ ਤੇ ਕੋਈ ਐਸਾ ਪ੍ਰੋਗ੍ਰਾਮ ਉਲੀਕ ਕੇ ਲਿਆਵੇ - ਜਿਸ ਨਾਲ ਇਹ ਪ੍ਰਚਾਰ ਮੁਹਿੰਮ ਵਧ ਤੋਂ ਵਧ ਮਾਤ੍ਰਾ ਵਿਚ ਜਾਰੀ ਹੋ ਸਕੇ ਅਰ ਸਾਹਿਤ ਅਤੇ ਦੀਵਾਨਾਂ ਦੇ ਪ੍ਰਚਾਰ ਦੁਆਰਾ ਸ੍ਰੀ ਸਤਿ

Sri Satguru Jagjit Singh Ji Elibrary NamdhariElibrary@gmail.com

ਗੁਰੂ ਰਾਮ ਸਿੰਘ ਜੀ ਦਾ ਧਾਰਮਿਕ , ਸਮਾਜਿਕ ਤੇ ਸੁਧਾਰਿਕ ਆਦਰਸ਼ ਵਾਲੇ ਪ੍ਰਚਾਰ ਤੋਂ ਹਰ ਪ੍ਰਾਣੀ ਮਾਤ੍ਰ ਨੂੰ ਜਾਣੂ ਕਰਵਾਇਆ ਜਾ ਸਕੇ ।

ਜਿਥੇ ਸਤਿਗੁਰਾਂ ਦੇ ਦਰਸ਼ਨ ਨਮਿਤ ਪਾਠ ਪ੍ਰਯੋਗ ਅਤੇ ਹੋਲਿਆਂ ਮੇਲਿਆਂ ਦੇ ਸਮਾਗਮਾਂ ਵਾਸਤੇ ਸਤਿਗੁਰੂ ਜੀ ਸੰਗਤਾਂ ਨੂੰ ਪ੍ਰੇਰਨਾ ਦਿੰਦੇ ਅਰ ਇਨਾਂ ਦੀ ਨਿਰਵਿਘਨਤਾ ਵਾਸਤੇ ਵੀ ਆਪ ਬਲ ਬਖਸ਼ਦੇ ਹਨ। ਉਥੇ ਨਾਮਧਾਰੀ ਸੰਗਤ ਨੂੰ ਵੀ ਇਸ ਸਾਲ ਸੰਸਾਰ ਭਰ ਵਿਚ ਗੁਰੂ ਕਾ ਪ੍ਰਚਾਰ ਪ੍ਰਸਾਰਤ ਕਰਨ ਵਾਸਤੇ ਪ੍ਰੋਗ੍ਰਾਮ ਬਨਾਉਣ ਵਾਸਤੇ ਸਤਿਗੁਰਾਂ ਅਗੇ ਹਾਜਰਹੋਕੇ ਅਰਜ ਕਰਨੀ ਚਾਹੀਦੀ ਹੈ ਅਰ ਸਤਿਗੁਰਾਂ ਦੇ ਹੁਕਮ ਅਨੁਸਾਰ ਨਿਸਚਿਤ ਕੀਤੇ ਪ੍ਰੋਗ੍ਰਾਮ ਨੂੰ ਵਧ ਚੜ ਕੇ ਨੇਪਰੇ ਚਾੜਨਾਂ ਚਾਹੀਦਾ ਹੈ।

ਇਸ ਸਾਲ ਦੇ ਬਸੰਤ ਉਤਸ਼ਵ ਨੂੰ ਬੀਤੇ ਬਸੰਤ ਸਮਾਗਮਾ ਨੂੰ ਬਹੁਤੀ ਮਹਾਨਤਾ ਦਿੰਦਾ ਹੋਇਆ ਜਿਥੇ ਮੈ ਆਪਣੇ ਸੁਹਿਰਦ ਪਾਠਕਾਂ ਨੂੰ ਸਤਿਗੁਰਾਂ ਦੇ ਅਵਤਾਰ ਧਾਰਨ ਦੀ ਕੋਟਾਨ ਕੋਟ ਵਧਾਈ ਪੇਸ਼ ਕਰਦਾਂ ਹਾਂ ਉਥੇ ਆਸ ਕਰਦਾ ਹਾਂ ਕਿ ਸਾਰੇ ਨਾਮਧਾਰੀ ਔਣ ਵਾਲੇ ਇਸ ਸ਼ਤਾਬਦੀ ਸਾਲ ਵਿਚ ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਦੀ ਜੈ ਜੈ ਕਾਰ ਦਾ ਡੰਕਾ ਸੰਸਾਰ ਦੇ ਘਰ ਘਰ ਜਾਕੇ ਵਜੋਣ ਨੂੰ ਆਪਣਾ ਜਰੂਰੀ ਫਰਜ਼ ਸਮਝਣਗੇ ।

ਆਤਮਾਂ ਸਿੰਘ ਸਨਖਤ੍ਰਵੀਂ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਦਰਸ਼ ਵਾਦ

—ਗੁਰਦੀਪ ਸਿੰਘ ਦਿਲੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇਵਲ ਭਾਰਤ ਵਾਸੀਆਂ ਲਈ ਹੀ ਨਹੀਂ ਸਗੋਂ ਸੰਸਾਰ ਭਰ ਦੇ ਹਰ ਪ੍ਰਾਣੀ ਮਾਤ੍ਰ ਤੇ ਹਰ ਜੀਵ ਜੰਤੂ ਦੀ ਭਲਾਈ ਵਾਸਤੇ ਦੁਨੀਆਂ ਵਿਚ ਆਏ ਸਨ। ਸਤਿਗੁਰਾਂਦਾ ਆਦਰਸ਼ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੀ ਚਾਹਨਾਂ ਰਖਣ ਵਾਲਾ ਆਦਰਸ਼ ਸੀ ਜਿਸ ਚੌਅਖਰੇ ਨਾਮ ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ, ਸਤਿਗੁਰਾਂ ਨੇ ਉਸੇ ਨਾਮ ਨੂੰ ਜਪੌਣ ਵਾਸਤੇ ਇਤਨਾਂ ਵਡਾ ਪ੍ਰੋਗ੍ਰਾਮ ਚਾਲੂ ਕੀਤਾ ਜਿਸਦੀ ਮਿਸਾਲ ਪਿਛਲੇ ਗੁਰੂਆਂ ਦੇ ਵਕਤ ਤੋਂ ਵੀ ਨਹੀਂ ਮਿਲਦੀ।

ਜਿਵੇਂ ਗੁਰੂ ਨਾਨਕ ਦੇਵ ਨੇ ਹਰ ਜੀਵ ਜੰਤੂ ਨੂੰ ਪਿਆਰ, ਸਮਾਜ ਸਮਾਨਤਾ, ਸਾਦਗੀ, ਨਾਮਸਿਮਰਣ ਦਾ ਉਪਦੇਸ਼ ਦਿਤਾ ਤਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਵਕਤ ਵਿਚ ਉਪ੍ਰੋਕਤ ਅਸੂਲਾਂ ਨੂੰ ਪ੍ਰਚਾਰਿਆ ਹੀ ਨਾ ਸਗੋਂ ਇਸ ਉਤੇ ਸੌ ਫੀ ਸਦੀ ਅਮਲ ਕੀਤਾ।

ਨਾਮਧਾਰੀਆਂ ਨੂੰ ਸਤਿਗੁਰਾਂ ਨੇ ਲੰਗਰ ਦੇ ਸਬੰਧ ਵਿਚ ਸੁਚ ਸੋਧ ਮਰਿਯਾਦਾ ਇਸ ਵਾਸਤੇ ਰਖਾਈ ਕਿ ਨਾਮਧਾਰੀ ਦੇ ਘਰੋਂ ਕਿਸੇ ਧਰਮ ਦਾ ਵਡੇ ਤੋਂ ਵਡਾ ਵੈਸ਼ਨੋ ਪ੍ਰਹੇਜਗਾਰ ਵੀ ਪ੍ਰਸ਼ਾਦਾ ਪਾਣੀ ਬਿਨਾਂ ਝਿਜਕ ਛਕ ਸਕੇ ਸਗੋਂ ਇਸਦੇ ਨਾਲ ਹੀ ਹਜ਼ੂਰ ਨੇ ਇਹ ਵੀ ਹੁਕਮ ਦੇ ਰਖਿਆ ਸੀ ਕਿ ਜੇਕਰ ਤੁਹਾਡੇ ਘਰੋਂ ਕੋਈ ਅਜਿਹਾ ਆਦਮੀ ਵੀ ਆਕੇ ਪ੍ਰਸ਼ਾਦਾ ਮੰਗੇ, ਜਿਸਦੇ ਹਥ ਵਿਚ ਗਊ ਦੇ ਖੂਨ ਨਾਲ ਭਿਜੀ ਹੋਈ ਛੁਰੀ ਵੀ ਫੜੀ ਹੋਈ ਹੋਵੇ, ਤਾਂ ਪ੍ਰਸ਼ਾਦੇ ਵਲੋਂ ਉਸਨੂੰ ਵੀ ਜਵਾਬ ਨਹੀਂ ਦੇਣਾ।

ਆਖਣ ਨੂੰ ਇਹ ਗਲ ਮਮੂਲੀ ਜੇਹੀ ਪ੍ਰਤੀਤ ਹੁੰਦੀ ਹੈ, ਪਰ ਇਸਦੇ ਵਿਚ ਲੋਕ ਸੇਵਾ ਦੀ ਉਹ ਭਾਵਨਾਂ ਛੁਪੀ ਹੋਈ ਹੈ, ਜਿਹੜੀ ਸਿਵਾਇ ਸਤਿਗੁਰਾਂ ਦੇ ਪ੍ਰਚਲਤ ਕੀਤੇ ਆਦਰਸ਼ ਤੋਂ ਹੋਰ ਕਿਤਿਓਂ ਵੀ ਨਹੀਂ ਮਿਲ ਸਕਦੀ।

Sri Satguru Jagjit Singh Ji Elibrary NamdhariElibrary@gmail.com

ਸਮਾਜੀ ਸਮਾਨਤਾ ਦੇ ਪਖੋਂ ਸਤਿਗੁਰਾਂ ਨੇ ਉਨਾਂ ਸਾਰੀਆਂ ਬ੍ਰਾਦਰੀਆਂ ਨੂੰ ਆਪਸ ਵਿਚ ਇਕੱਠਿਆਂ ਕਰਕੇ ਬਹਾ ਲਿਆ ਹੀ ਨਾ ਸਗੋਂ ਇਹਨਾਂ ਵਿਚ ਰਿਸ਼ਤੇ ਦਾਰੀਆਂ ਦੇ ਮਤ ਭੇਦ ਵੀ ਦੂਰ ਕਰਨ ਦਾ ਜਤਨ ਕੀਤਾ ਅਰ ਇਹ ਬ੍ਰਾਦਰੀਆਂ ਸਨ ਬ੍ਰਹਮਣ, ਖਤ੍ਰੀ, ਸੁਨਿਆਰੇ, ਜਿਮੀਦਾਰ, ਲੁਹਾਰ, ਤ੍ਰਖਾਨ, ਘੁਮਿਆਰ, ਝੀਵਰ, ਨਾਈ ਛੀਂਬੇ, ਠਠਿਆਰ ਆਦਿਕ। ਪਰ ਉਸ ਵਕਤ ਦੀ ਹਕੂਮਤ ਤੇ ਅੰਗਰੇਜ ਦੇ ਝੋਲੀ ਚੁਕਾਂ ਵਲੋਂ ਨਾਮਧਾਰੀ ਪ੍ਰਚਾਰ ਵਿਚ ਕਈ ਕਿਸਮ ਦੀਆਂ ਰੁਕਾਵਟਾਂ ਪੈਦਾ ਕਰ ਦੇਣ ਦੀ ਵਜਾ ਕਰਕੇ ਇਹ ਪ੍ਰਚਾਰ ਜਿਆਦਾ ਅਮਲ ਵਿਚ ਨਾ ਆ ਸਕਿਆ ਪਰ ਫਿਰ ਵੀ ਸਤਿਗੁਰਾਂ ਦੇ ਪ੍ਰਦੇਸ ਜਾਣ ਤੋਂ ਬਾਦ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਵਕਤ ਵਿਚ ਵੀ ਕੁਝ ਨਾਮਧਾਰੀ ਸਿੰਘਾਂ ਵਿਚ ਕਿਤੇ ੨ ਸਾਂਝੇ ਰਿਸ਼ਤੇ ਹੁੰਦੇ ਰਹੇ ਅਰ ਹੁਣ ਵੀ ਕਈ ਵਾਰੀ ਬਿਨਾਂ ਭਰਮ ਭੇਦ ਇਸਤਰਾਂ ਸਤਿਗੁਰਾਂ ਦੀ ਹਜ਼ੂਰੀ ਵਿਚ ਅਨੰਦ ਕਾਰਜ ਹੋ ਜਾਂਦੇ ਹਨ ਪਰ ਸਿਵਾਏ ਨਾਮਧਾਰੀ ਸੰਗਤ ਤੋਂ ਹੋਰ ਸੰਸਥਾਵਾਂ ਵਿਚ ਸਮਾਜਿਕ ਤੌਰ ਤੇ ਇਸ ਤਰਾਂ ਬਹੁਤ ਹੀ ਘਟ ਕੀਤਾ ਜਾਂਦਾ ਹੈ। ਕਈ ਸਿਆਸੀ ਪਾਰਟੀਆਂ ਸਵਾਰਥ ਵਸ ਅਜ ਹਰੀਜਨਾਂ ਨਾਲ ਖਾਂਣ ਪੀਣ ਤੋਂ ਇਲਾਵਾ ਉਨਾਂ ਦੀਆਂ ਕੁੜੀਆਂ ਲੈਂਦੇ ਨੇ ਪਰ ਆਪਣੇ ਘਰਾਂ ਤੋਂ ਰਿਸ਼ਤਾ ਦੇਣ ਸਮੇ ਉਹ ਉਚ ਗੋਤ੍ਰੀ ਘਰਾਣੇ ਲਭਕੇ ਰਿਸ਼ਤੇ ਕਰਦੇ ਹਨ।

ਇਸਤੋਂ ਇਲਾਵਾ ਸਤਿਗੁਰਾਂ ਨੇ ਇਸਤ੍ਰੀ ਜਾਤੀ ਨੂੰ ਸਮਾਜ ਦਾ ਇਕ ਵਡਾ ਅੰਗ ਸਮਝਕੇ ਜਿਥੇ ਬੀਬੀਆਂ ਨੂੰ ਜੰਮਦਿਆਂ ਮਾਰਨ ਵਟਾ ਕਰਨਾ ਜਾਂ ਲੜਕੀ ਦੇ ਪੈਸੇ ਲੈਣ ਤੋਂ ਨਾਮਧਾਰੀਆਂ ਵਿਚ ਖਾਸ ਹੁਕਮ ਜਾਰੀ ਕੀਤਾ, ਉਥੇ ਮਾਈਆਂ ਨੂੰ ਕਛਹਿਰੇ ਪਵਾ ਅੰਮ੍ਰਿਤ ਛਕਾ ਪੰਜਾਂ ਕਕਾਰਾਂ ਦੀ ਰਹਿਤ ਰਖਵਾ ਪੂਰਨ ਗੁਰ ਸਿਖਾਂ ਦੀ ਪੰਗਤ ਵਿਚ ਖਲ੍ਹਾਰ ਦਿਤਾ ਹਾਲਾਂ ਕਿ ਇਸ ਤੋਂ ਪਹਿਲਾਂ ਉਪ੍ਰੋਕਤ ਸਾਰੇ ਕੰਮਾ ਦੀ ਪਧਤੀ ਸਿਖਾਂ ਵਿਚ ਪ੍ਰਚਲਤ ਨਹੀ ਸੀ ਹੋਈ ਸਗੋਂ ਵਡੇ ਵਡੇ ਸਰਦਾਰ ਘਰਾਣੇ ਬੀਬੀਆਂ ਨੂੰ ਜੰਮਦਿਆਂ ਹੀ ਮਰਵਾ ਦਿੰਦੇ ਸਨ।

ਨਾਮ ਸਿਮਰਣ ਦੇ ਸਬੰਧ ਵਿਚ ਸਤਿਗੁਰਾਂ ਨੇ ਆਪ ਰਸਨਾ ਕਰਕੇ ਅਰ ਸੂਬਿਆਂ ਦਵਾਰਾ ਜੋ ਪ੍ਰਚਾਰ ਕੀਤਾ ਉਸਦਾ ਸਬੂਤ ਆਮ ਲੋਕਾਂ ਤੋਂ ਇਲਾਵਾ ਸਰਕਾਰੀ ਰਿਪੋਟਾਂ ਵਿਚੋਂ ਵੀ ਲਿਖਿਆ ਮਿਲਦਾ ਹੈ ਕਿ ਉਸ ਵਕਤ ੧੦ ਲਖ ਮਨੁਖ ਸਤਿਗੁਰਾਂ ਦੇ ਪ੍ਰਚਾਰ ਤੋਂ ਪ੍ਰਭਾਵਤ ਹੋਕੇ ਨਾਮਧਾਰੀ ਸਿੰਘ ਸਜ ਚੁਕੇ ਸਨ।

ਉਸ ਵਕਤ ਇਹ ਕਿਤਨੋਂ ਫਖਰ ਵਾਲੀ ਗਲ ਹੋਵੇਗੀ ਕਿ ਲਖਾਂ ਮਨੁਖ ਗੁਰੂ ਜੀ ਦੇ ਕਥਨ ਅਨੁਸਾਰ :—

ਗੁਰਮੁਖਿ ਨਾਮ ਦਾਨ ਇਸ਼ਨਾਨੁ
ਗੁਰਮੁਖਿ ਲਾਗੈ ਸਹਜ ਧਿਆਨੁ

ਦੀ ਧਾਰਨਾ ਵਾਲੇ ਗੁਰਮੁਖ ਅਵਸਥਾ ਵਿਚ ਉਸ ਵਕਤ ਮੂਰਤੀਮਾਨ ਹੋਏ ਜਦੋਂ ਕਿ ਭਾਰਤ ਵਿਚ ਪਛਮੀ ਸਭਿਅਤਾ ਦੇ ਪ੍ਰਭਾਵ ਨਾਲ ਆਪਣੇ ਆਪ ਨੂੰ ਧਰਮੀ ਆਖਣ

Sri Satguru Jagjit Singh Ji Elibrary NamdhariElibrary@gmail.com

ਵਾਲੀਆਂ ਬਹੁਤੀਆਂ ਮੰਸਥਾਵਾਂ ਆਪਣੇ ਪੁਰਾਤਨ ਧਰਮਾਂ ਨੂੰ ਤਿਲਾਂਜਲੀ ਦੇ ਰਹੀਆਂ ਸਨ ।

ਇਸ ਤੋਂ ਇਲਾਵਾ ਸਤਿਗੁਰਾਂ ਦੇ ਆਦਰਸ਼ਵਾਦ ਵਿਚ ਭਾਰਤੀਆਂ ਨੂੰ ਪ੍ਰਾਧੀਨਤਾ ਦੇ ਸੰਗਲਾਂ ਦੀ ਜਕੜ ਵਿਚੋਂ ਕਢਣ ਵਾਸਤੇ ਸੁਾਧੀਨਤਾ ਦੀ ਪ੍ਰੇਰਨਾ ਦੇਣਾ ਵੀ ਇਕ ਜਰੂਰੀ ਕੰਮ ਸੀ ਇਸ ਕੰਮ ਦੀ ਪ੍ਰਸਾਰਨਾ ਵਾਸਤੇ ਗੁਰੂ ਜੀ ਨੇ ਅੰਗਰੇਜੀ ਹਕੂਮਤ ਅੰਗਰੇਜੀ ਵਿਦਿਆ ਅੰਗਰੇਜੀ ਸਭਿਅਤਾ ਦਾ ਨਾਮਿਲਵਰਤਨ ਦੇ ਢੰਗ ਨਾਲ ਵਿਰੋਧ ਕੀਤਾ ਤੇ ਭਾਰਤੀ ਲੋਕਾਂ ਨੂੰ ਆਪਣੇ ਦੇਸ਼ ਦੀ ਉਨਤੀ ਅਰ ਆਪਣੇ ਧਰਮ ਦੀ ਬ੍ਰਿਧੀ ਵਾਸਤੇ ਭਾਰਤੀ ਚੀਜਾਂ ਦੀ ਵਰਤੋਂ ਕਰਨ ਲਈ ਉਪਦੇਸ਼ ਦਿਤਾ ।

ਜਿਸਦੇ ਫਲ ਸਰੂਪ ਨਾਮਧਾਰੀ ਪੰਥ ਵਿਚ ਉਸ ਵਕਤ ਤੋਂ ਹੀ ਅੰਗਰੇਜੀ ਤਹਿਜ਼ੀਬ ਤੇ ਵਿਦਿਆ ਪ੍ਰਣਾਲੀ ਆਦ ਕੰਮਾਂ ਵਲੋਂ ਨਾਮਿਲਵਰਤੋਂ ਚਲੀ ਆ ਰਹੀ ਹੈ । ਸਗੋਂ ਪ੍ਰੋਗ੍ਰਾਮ ਤੇ ਅਮਲ ਕਰਕੇ ਕਾਂਗਰਸ ਦੇ ਆਗੂਆਂ ਨੇ ਸਮੇ ਨਾਲ ਭਾਰਤ ਨੂੰ ਅੰਗਰੇਜ਼ਾਂ ਦੀ ਹਕੂਮਤ ਤੋਂ ਅਜ਼ਾਦ ਕਰਾਇਆ

ਇਸਤਰਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ਵਾਦੀ ਜੀਵਨ ਤੇ ਉਪਦੇਸ਼ ਨੇ ਭਾਰਤ ਵਿਚ ਧਾਰਮਿਕ, ਸਮਾਜਿਕ ਸੁਧਾਰਕ ਅਤੇ ਰਾਜਨੀਤਕ ਇਨਕਲਾਬ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ । ਅਜ ਮੈ ਉਸ ਆਦਰਸ਼ ਵਾਦੀ ਦੇ ਅਵਤਾਰ ਧਾਰਨ ਦੀ ੧੫੬ ਵੀਂ ਸਾਲ ਗਰਹਿ ਤੇ ਸਭ ਭਾਰਤੀਆਂ ਨੂੰ ਵਧਾਈ ਪੇਸ਼ ਕਰਦਾ ਹਾਂ ।



Sri Satguru Jagjit Singh Ji Elibrary NamdhariElibrary@gmail.com

ਮਹਾਨ ਕੂਕਾ ਲਹਿਰ

—ਸ਼ਹੀਦ ਭਗਤ ਸਿੰਘ

ਸਿਖਾਂ ਵਿਚ ਇਕ ਉਪ-ਫਿਰਕਾ ਹੈ, ਜੋ ਨਾਮਧਾਰੀ ਜਾਂ ਕੂਕਾ ਅਖਵਾਉਂਦਾ ਹੈ। ਇਹਦਾ ਇਤਹਾਸ ਕੋਈ ਬਹੁਤ ਪੁਰਾਣਾ ਨਹੀਂ। ਪਿਛਲੀ ਸਦੀ ਦੇ ਅਧ ਤੋਂ ਬਾਅਦ ਇਹਦਾ ਅਰੰਭ ਹੋਇਆ ਸੀ। ਅਜ ਇਹ ਇਕ ਸੰਕੁਚਿਤ ਫਿਰਕਾ ਦਿਸਦਾ ਹੈ, ਪਰ ਇਹਦੇ ਬਾਨੀ ਸ੍ਰੀ ਗੁਰੂ ਰਾਮ ਸਿੰਘ ਇਕ ਕਟੜ ਇਨਕਲਾਬੀ ਸਨ। ਇਕ ਮਸ਼ਹੂਰ ਰਬ ਭਗਤ ਸਮਾਜ ਦੇ ਦੋਸ਼ ਤਕ ਤਕ ਕੇ ਇਕ ਵਿਦਰੋਹੀ ਸਮਾਜ ਸੁਧਾਰਕ ਬਣ ਗਏ ਅਤੇ ਇਕ ਸਚੇ ਸਮਾਜ ਸੁਧਾਰਕ ਵਾਂਗ ਜਦੋਂ ਉਹ ਕਰਮ-ਖੇਤਰ ਵਿਚ ਅਗਾਂਹ ਨਿਤਰੇ ਤਾਂ ਉਹਨਾਂ ਵੇਖਿਆ ਕਿ ਦੇਸ਼ ਦੀ ਉਨਤੀ ਲਈ ਗੁਲਾਮੀ ਦੀਆਂ ਬੇੜੀਆਂ ਨੂੰ ਕਟਣਾ ਸਭ ਤੋਂ ਜਰੂਰੀ ਹੈ। ਵਿਦੇਸ਼ੀ ਰਾਜ ਵਿਰਧ ਇਨਕਲਾਬ ਦੀ ਤਿਆਰੀ ਵਸੀਹ ਪੈਮਾਨੇ ਉਤੇ ਕੀਤੀ। ਉਸ ਦੀ ਤਿਆਰੀ ਦੇ ਦੌਰਾਨ ਹੀ ਜੋ ਕੁਝ ਝਗੜਾ ਫਸਾਦ ਹੋਗਿਆ ਉਸ ਤੋਂ ਹਾਕਮਾਂ ਨੂੰ ਸਾਰੀ ਲਹਿਰ ਨੂੰ ਕੁਚਲਣ ਦਾ ਚੰਗਾ ਮੌਕਾ ਮਿਲ ਗਿਆ ਅਤੇ ਨਿਸਫਲਤਾ ਤੋਂ ਬਿਨਾਂ ਹੋਰ ਕੋਈ ਸਿਟਾ ਨਾ ਨਿਕਲ ਸਕਿਆ।

ਕੂਕਾ ਲਹਿਰ ਦਾ ਇਤਿ—ਹਾਸ ਹਾਲ ਤਕ ਲੋਕਾਂ ਸਾਹਵੇਂ ਨਹੀਂ ਆਇਆ ਕਿਸੇ ਨੇ ਇਸ ਨੂੰ ਅਹਿਮੀਅਤ ਵਾਲਾ ਨਹੀਂ ਸਮ—ਝਿਆ। ਅਸੀਂ ਕੂਕਿਆਂ ਨੂੰ ਭੁਲੜ ਤੇ ਮੂਰਖ ਕਹਿ ਕੇ ਅਪਣੇ ਫਰਜ਼

Sri Satguru Jagjit Singh Ji Elibrary NamdhariElibrary@gmail.com

ਤੋਂ ਲਾਂਭੇ ਹੋ ਜਾਂਦੇ ਹਾਂ ਸਵਾਰਥ ਜਾਂ ਲੋਭ ਲਈ ਓਹਨਾਂ ਆਪਣੀਆਂ ਜਾਨਾਂ ਦਿਤੀਆਂ ਹੁੰਦੀਆਂ, ਤਾਂ ਅਸੀਂ ਅਣਗਹਿਲੀ ਦਿਖਾ ਸਕਦੇ ਸਾਂ ਪਰ ਉਹਨਾਂ ਦੀ ਮੂਰਖਤਾ ਵਿਚ ਵੀ ਦੇਸ਼ ਪਰੇਮ ਕੁਟ ਕੁਟਕੇ ਭਰਿਆ ਹੋਇਆ ਸੀ। ਓਹ ਤਾਂ ਤੋਪਾਂ ਸਾਹਵੇਂ ਵੀ ਹਸ ਦਿੰਦੇ ਸਨ ......ਉਹ ਅਨੰਦ ਨਾਲ 'ਸਤਿ ਸ੍ਰੀ ਅਕਾਲ' ਦੇ ਅਕਾਸ਼ ਗੂੰਜਾਊ ਜੈਕਾਰਿਆਂ ਨਾਲ ਅਕਾਸ਼ ਪਤਾਲ ਇਕ ਕਰ ਦਿੰਦੇ ਸਨ। ਉਹਨ ਦੇ ਮਥਿਆਂ ਉਤੇ ਦੁਖ, ਫਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿਸਦੀ ਸੀ। ਕੀ ਉਹ ਭੁਲ ਜਾਣ ਵਾਲੇ ਹਨ ? ਉਨਾਂ ਦਾ ਅਪਰਾਧ ਸ਼ਾਇਦ ਅਸਫਲਤਾ ਤੋਂ ਬਿਨਾਂ ਕੁਝ ਵੀ ਨਹੀਂ ਸੀ, ਪਰ ਸਕਾਟਲੈਂਡ ਦਾ ਬਹਾਦਰ ਵਿਲੀਅਮ ਵਾਲਿਸ ਵੀ ਤਾਂ ਅਸਫਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹਦੀ ਤਾਂ ਅਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਦੇਸ਼ ਭਗਤ ਹੀ ਕਿਉਂ ਭੁਲਾਕੇ ਘੁਪ ਹਨੇਰੇ ਵਿਚ ਸੁਟ ਦਿਤੇ ਜਾਣ ?

ਅਸੀਂ ਸਮਝਦੇ ਹਾਂ ਕਿ ਸਾਡੇ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬਹੁਤ ਵਡੀ ਅਹਿਸਾਨ ਫਰਾਮੋਸ਼ੀ ਹੋਵੇਗੀ। ਅਸੀਂ ਉਨਾਂ ਦੀ ਯਾਦ ਵਿਚ ਕੋਈ ਵਡਾ ਥੰਮ ਨਹੀਂ ਖੜਾ ਕਰ ਸਕਦੇ ਤਾਂ ਆਪਣੇ ਦਿਲ ਵਿਚ ਥੋਹੜੀ ਜਿਹੀ ਥਾਂ ਦੇਣੋਂ ਵੀ ਕਿਓਂ ਝਿਜਕੀਏ। ਕਿਸੇ ਵਿਚਾਰ ਤੋਂ ਪਰੇਰਤ ਹੋਕੇ ਅਜ ਉਨਾਂ ਉਤਾਵਲੇ ਅਤੇ ਆਸਵੰਦਾਂ ਦਾ ਸੰਖੇਪ ਇਤਿਹਾਸ ਲਿਖਣ ਦੀ ਕੋਸ਼ਸ਼ ਹੈ। ਇਸ ਨਾਲ ਜੇ ਲੋਕਾਂ ਓਹਨਾਂ ਦੇ ਸੰਬੰਧ ਵਿਚ ਠੀਕ ੨ ਗਲਾਂ ਦਾ ਗਿਆਨ ਹੋ ਜਾਏ ਤਾਂ ਇਹਨਾਂ ਨੂੰ ਜਾਨਣ ਦੀ ਇਛਾ ਪੈਦਾ ਹੋ ਜਾਏ ਤਾਂ ਮੈਂ ਇਹ ਕੋਸ਼ਸ਼ ਕਾਮਯਾਬ ਸਮਝਾਂਗਾ॥ ਬਾਲਕ ਸਿੰਘ ਨੇ ਉਹਨਾਂ ਨੂੰ ਜੀ ਆਇਆਂ ਕਿਹਾ ਤੇ ਸਿਖਿਆ ਦਿਤੀ। ਓਥੋਂ ਵਾਪਸ ਆਕੇ ਇਹਨਾਂ ਨੌਕਰੀ ਛਡ ਦਿਤੀ। ਅਤੇ ਪਿੰਡ ਆਕੇ ਸ਼ਾਂਤ ਜੀਵਨ ਬਿਤਾਉਣ ਲਗੇ।

ਕਈ ਵਰੇ ਬੀਤ ਗਏ। ਕਈ ਤਬਦੀਲੀਆਂ ਹੋਈਆਂ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਾਦ ਗਦੀ ਲੈ ਦੇ ਹੋਈ। ਅੰਗਰੇਜ਼ਾਂ ਪੰਜਾਬ ਜਿਤ ਲਿਆ ਅਤੇ ਬਾਕੀ ਭਾਰਤ ਵਾਂਗ ਇਸ ਨੂੰ ਵੀ ਗੁਲਾਮੀ ਦੀਆਂ ਬੇੜੀਆਂ ਵਿਚ ਜਕੜ ਲਿਆ। ਇਹ ਸਭ ਕੁਝ ਹੋ ਗਿਆ ਅਤੇ ਨਾਲ ੧੮੫੭ ਦਾ ਗ਼ਦਰ ਵੀ ਹੋ ਗਿਆ। ਅਤੇ ਅੰਗਰੇਜ਼ ਬੜੀ ਸ਼ਾਂਤੀ ਨਾਲ ਭਾਰਤ ਉਤੇ ਹਕੂਮਤ ਕਰਨ ਲਗੇ। ਗੁਰੂ ਰਾਮ ਸਿੰਘ ਜੀ ਓਹੀ ਆਪਣਾ

Sri Satguru Jagjit Singh Ji Elibrary NamdhariElibrary@gmail.com

ਸ਼ਾਂਤ ਜੀਵਨ ਬਤੀਤ ਕਰਦੇ ਰਹੇ। ਈਸ਼ਵਰ ਭਗਤੀ ਕਾਰਨ ਆਪ ਦੂਰ ਤਕ ਪ੍ਰਸਿਧ ਹੋਗਏ। ਸੂਬੇ ਭਰ ਤੋਂ ਲੋਕ ਦਰਸ਼ਨਾਂ ਲਈ ਆਉਂਦੇ ਸਨ।

ਪਹਿਲਾਂ ਤਾਂ ਆਪ ਈਸ਼ਵਰ ਭਗਤੀ ਦਾ ਹੀ ਉਪਦੇਸ਼ ਦਿੰਦੇ ਸਨ। ਪਰ ਬਾਅਦ ਵਿਚ ਕੁਝ ਸਮਾਜ ਸੁਧਾਰ ਸਬੰਧੀ ਉਪਦੇਸ਼ ਵੀ ਦੇਣ ਲਗੇ। ਇਹਨਾਂ ਕੰਨਿਆਂ ਖਰੀਦਣ ਵੇਚਣ, ਮਾਸ ਸ਼ਰਾਬ ਆਦਿ ਬਹੁਤ ਸਾਰੀਆਂ ਕੁਰੀਤੀਆਂ ਦਾ ਬੜੇ ਜੋਰ ਨਾਲ ਵਿਰੋਧ ਕੀਤਾ। ਆਪਦੇ ਚੇਲੇ ਵੀ ਸਾਦਾ ਜਿੰਦਗੀ ਜੀਊਂਦੇ ਅਤੇ ਰਬ ਪੂਜਾ ਵਿਚ ਮਗਨ ਰਹਿੰਦੇ। ਆਪ ਨੇ ਪਿੰਡ ਵਿਚ ਗੁਰੂ ਕਾ ਲੰਗਰ ਖੋਹਲ ਰਖਿਆ ਸੀ।

ਪਰ ਜਲਦੀ ਹੀ ਇਕ ਤਬਦੀਲੀ ਹੋਈ। ਕਿਹਾ ਜਾਂਦਾ ਹੈ ਕਿਸੇ ਅਗਿਆਤ ਰਾਮਦਾਸ ਨਾਂ ਦੇ ਸੰਨਿਆਸੀ ਨੇ ਉਹਨਾਂ ਨੂੰ ਆ ਕੇ ਆਖਿਆ 'ਇਸ ਵੇਲੇ ਦੇਸ ਨੂੰ ਬਿਦੇਸੀ ਰਾਜ ਤੋਂ ਖਲਾਸੀ ਪਵਾਉਣੀ ਹੀ ਸਭ ਤੋਂ ਪਹਿਲਾ ਫਰਜ ਹੈ।' ਓਸੇ ਵੇਲੇ ਤੋਂ ਹੀ ਇਹਨਾਂ ਆਪਣਾ **ਸਿਆਸੀ ਪਰੋਗਰਾਮ ਬਣਾ ਲਿਆ। ਸੰਨਿਆਸੀ ਵਾਲੀ ਗਲ ਤਾਂ ਸੁਣੀ ਸੁਣਾਈ ਹੀ ਹੈ, ਹੋ ਸਕਦਾ ਹੈ ਕਿ ਇਹ ਗਲ ਹੋਈ ਹੀ ਨਾ ਹੋਵੇ।** ਪਰ ਏਨਾਂ ਮੰਨਣਾ ਹੀ ਪਵੇਗਾ ਕਿ ਇਸ ਵੇਲੇ ਗੁਰੂ ਜੀ ਨੂੰ ਦੇਸ਼ ਦੀ ਪਰਾਧੀਨਤਾ ਬੁਰੀ ਤਰਾਂ ਰੜਕੀ। ਉਹ ਸਮਝ ਗਏ ਸਨ ਕਿ ਗੁਲਾਮੀ ਦੇ ਨਾਲ ਦੇਸ਼ ਵਾਸੀਆਂ ਦੀ ਆਤਮਾ ਵੀ ਮਰਦੀ ਜਾ ਰਹੀ ਹੈ। ਲੋਕ ਸਵਾਧੀਨਤਾ ਦਾ ਵਿਚਾਰ ਤਕ ਛਡ ਬੈਠੇ ਸਨ। ਅਜ ਕਲ ਦੀ ਗਲ ਸੀ। ਜਦ ਓਹਨਾਂ ਗਦਰ ਤੇ ਉਹਦੀ ਅਸਫਲਤਾ ਤੋਂ ਬਾਦ ਅਕਹਿ ਜੁਲਮ ਵੇਖੇ ਤੇ ਸੁਣੇ ਸਨ। ਉਸ ਤੋਂ ਵੀ ਉਹਨਾਂ ਨੂੰ ਜਰੂਰ ਠੇਸ ਲਗੀ ਹੋਵੇਗੀ। ਜੋ ਵੀ ਹੋਵੇ ਵਿਦੇਸ਼ੀ ਹਕੂਮਤ ਦਾ ਖੋਖਲਾਪਣ ਖੂਬ ਚੰਗੀ ਤਰਾਂ ਵੇਖਕੇ ਇਹ ਪਰੋਗਰਾਮ ਬਣਾਕੇ ਕੰਮ ਨੂੰ ਆਰੰਭ ਕਰ ਦਿਤਾ। ਹੁਣ ਤਕ ਕੇਵਲ ਉਪਦੇਸ਼ ਹੀ ਹੁੰਦਾ ਸੀ ਪਰ ਹੁਣ ਦੀਕਸ਼ ਅਤੇ ਸੰਗਠਨ ਵੀ ਸ਼ੁਰੂ ਹੋ ਗਿਆ।

ਓਹਨਾ ਉਸ ਵੇਲੇ ਠੀਕ **ਉਸ ਨਾਮਿਲਵਰਤਣ ਦਾ ਪ੍ਰਚਾਰ ਸ਼ੁਰੂ ਕੀਤਾ ਜੋ ੧੯੨੦ ਵਿਚ ਮਹਾਤਮਾਂ ਗਾਂਧੀ ਨੇ ਕੀਤਾ ਸੀ। ਉਹਨਾਂ ਦੀ ਨਾਮਿਲਵਰਤਣ ਮਹਾਤਮਾਂ ਗਾਂਧੀ ਦੀ ਨਾਮਿਲਵਰਤਣ ਨਾਲੋਂ ਕਈ ਗਲਾਂ ਵਿਚ ਵਧਕੇ ਸੀ।** ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ ਸਰਕਾਰੀ ਤਾਲੀਮ ਦਾ ਬਾਈਕਾਟ ਵਿਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ **ਰੇਲ, ਤਾਰ ਤੇ ਡਾਕਦੇ ਬਾਈਕਾਟ ਦਾ ਵੀ ਪਰਚਾਰ ਕੀਤਾ। ਉਸ ਵੇਲੇ ਦੇਸ਼ ਇਨਾਂ ਸਾਹ ਸਤ ਹੀਣ ਹੋ ਗਿਆ ਸੀ ਕਿ ਉਨਾਂ ਦੇ ਬਾਈਕਾਟ ਦੀ ਗਲ ਸੋਚੀ ਵੀ ਨਹੀ ਸੀ**

Sri Satguru Jagjit Singh Ji Elibrary NamdhariElibrary@gmail.com

ਜਾ ਸਕਦੀ। ਇਸਤਰਾਂ ਉਨਾਂ ਡਾਕ ਦਾ ਪਰਬੰਧ ਆਪਣਾ ਇਨਾਂ ਚੰਗਾ ਕਰ ਲਿਆ ਕਿ ਭਾਈ ਪਰਮਾ ਨੰਦ ਦੇ ਲੇਖ ਅਨੁਸਾਰ ਓਹਨਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਛੇਤੀ ਪੁਜਦੀ ਸੀ। ਪਹਿਰਾਵੇ ਅਤੇ ਸੁਦੇਸ਼ੀ ਪੁਸ਼ਾਕ ਪਹਿਨਣ ਦਾ ਜੋਰ ਨਾਲ ਉਪਦੇਸ਼ ਹੁੰਦਾ ਸੀ। ਪਰਚਾਰ ਦਾ ਕੰਮ ਇਨਾ ਨਾਂ ਹੋ ਸਕਿਆ ਅਤੇ ਸਰਕਾਰ ਇਸ ਉਤੇ ਕਰੜੀ ਨਜਰ ਰਖਣ ਲਗੀ। ਉਸ ਨੂੰ ਇਸ ਪ੍ਰਚੰਡ ਅੰਦੋਲਨ ਨੂੰ ਨਪ ਦੇਣ ਦੀ ਚਿੰਤਾ ਹੋਗਈ।

ਟੀ. ਡੀ. ਫੋਰਸਿਥ ਜੋ ਸੰਨ ੧੮੬੩ ਵਿਚ ਪੰਜਾਬ ਸਰਕਾਰ ਦੇ ਚੀਫ ਸਕਤਰ ਸਨ ਅਤੇ ਬਾਦ ਵਿਚ ਕੂਕਾ ਵਿਦਰੋਹ ਸਮੇ ਅੰਬਾਲਾ ਡਵੀਜਨ ਦੇ ਉਚ ਅਹੁਦੇ ਤੇ ਕੰਮ ਕਰਦੇ ਸਨ। ਆਪਣੀ ਆਤਮ ਕਥਾ ਵਿਚ ਲਿਖਦੇ ਹਨ—

> ੧੮੬੩ ਵਿਚ ਹੀ ਮੈਂ ਇਸ ਲਹਿਰ ਦੀ ਤਹਿ ਤਕ ਪਹੁੰਚ ਗਿਆ ਸਾਂ ਅਤੇ ਸਮਝ ਗਿਆ ਸਾਂ ਕਿ ਇਹ ਕੀ ਕੀ ਖਤਰਨਾਕ ਨਤੀਜੇ ਲਿਆ ਸਕਦੀ ਹੈ। ਇਸ ਲਈ ਮੈਂ ਉਨਾਂ ਦੇ ਪਰਚਾਰ ਉਤੇ ਬਹੁਤ ਪਬੰਦੀਆਂ ਲਾ ਦਿਤੀਆਂ, ਜਿਸ ਨਾਲ ਓਨਾਂ ਦੇ ਪਰਚਾਰ ਦੀ ਰਫਤਾਰ ਕੁਝ ਹਦ ਤਕ ਘਟ ਗਈ।

ਜਦ ਹਕੂਮਤ ਨੇ ਲੋਕਾਂ ਦਾ ਵਡੀ ਗਿਣਤੀ ਵਿਚ ਭੈਣੀ ਆਉਣਾ ਜਾਣਾ ਅਤੇ ਓਹਨਾਂ ਦਾ ਓਥੇ ਦੇਰ ਤਕ ਠਹਿਰਨਾ ਤਕ ਵੀ ਬੰਦ ਕਰ ਦਿਤਾ ਤਾਂ ਗੁਰੂ ਰਾਮ ਸਿੰਘ ਨੇ ਆਪਣਾ ਕੰਮ ਜਾਰੀ ਕਰਨ ਦੀ ਇਕ ਤਦਵੀਰ ਸੋਚੀ। ਸਮੁਚੇ ਦੇਸ਼ ਨੂੰ ੨੨ ਹਿਸੇ ਵਿਚ ਵੰਡ ਕੇ ੨੨ ਯੋਗ ਬੰਦੇ ਓਹਨਾਂ ਦਾ ਸੰਗਠਨ ਕਰਨ ਲਈ ਮੁਕਰਰ ਕਰ ਦਿਤੇ ਓਹਨਾਂ ਨੂੰ ਸੂਬੇ ਕਿਹਾ ਜਾਂਦਾ ਸੀ। ਕੰਮ ਬੜੀ ਚੰਗੀ ਤਰਾਂ ਚਲਦਾ ਰਿਹਾ। ਸਾਰੇ ਹੀ ਨਾਮਧਾਰੀ ਸਿਖ ਆਪਣੀ ਕਮਾਈ ਦਾ ਦਸ ਵੰਧ ਗੁਰੂ ਜੀ ਦੀ ਭੇਟ ਕਰਦੇ ਸਨ। ਇਹ ਸਭ ਕੁਝ ਤਾਂ ਹੁੰਦਾ ਹੀ ਸੀ ਅਤੇ **ਨਾਲ ਨਾਲ ਹੀ ਗੁਪਤ ਰੂਪ ਵਿਚ ਵਿਦਰੋਹ ਦਾ ਪ੍ਰਚਾਰ ਵੀ ਹੁੰਦਾ ਸੀ** ਬਾਹਰਲਾ ਜੋਸ਼ ਬਹੁਟ ਘਟ ਕਰ ਦਿਤਾ ਗਿਆ ਇਥੋਂ ਤਕ ਕਿ ਸਰਕਾਰ ਦਾ ਸ਼ਕ ਕਾਫੀ ਹਦ ਤਕ ਦੂਰ ਹੋ ਗਿਆ। ਅਤੇ ਸਾਰੀਆਂ ਪਾਬੰਦੀਆਂ ੧੮੬੯ ਈ. ਵਿਚ ਹਟਾ ਲਈਆਂ ਗਈਆਂ।

ਪਾਬੰਦੀਆਂ ਹਟਣ ਨਾਲ ਨਾਮਧਾਰੀਆਂ ਦਾ ਜੋਸ਼ ਵਧ ਗਿਆ, ਇਨਾਂ ਕਿ ਸੰਭਾਲਣਾ ਔਖਾ ਹੋ ਗਿਆ। ਇਸ ਨਾਲ ੧੮੭੨ 'ਚ ਬੇ ਮੌਕਾ ਬਗਾਵਤ ਉਠ ਖੜੀ ਹੋਈ ਜਿਸ ਕਾਰਨ ਸਾਰਾ ਵਿਦਰੋਹ ਕੁਚਲਿਆ ਗਿਆ ਪਰ ਉਸ ਮੁਖ ਘਟਨਾ ਬਾਰੇ ਲਿਖਣ ਤੋਂ ਪਹਿਲਾਂ ਗੁਰੂ ਜੀ ਦੀ ਸਖਸ਼ੀ ਚਰਿਤ੍ਰ ਬਾਰੇ ਕੁਝ ਦਿਲਚਸਪ ਗਲਾਂ ਦਾ ਜਿਕਰ ਕਰਨਾ ਗਲਤ ਨਹੀਂ **ਗੁਰੂ ਰਾਮ ਸਿੰਘ ਬੜੇ ਪ੍ਰਤਾਪੀ ਤੇ ਪ੍ਰਭਾਵਸ਼ਾਲੀ ਵਿਅਕਤੀ**

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ ਸ੍ਰੀ ਭੈਣੀ ਸਾਹਿਬ

Sri Satguru Jagjit Singh Ji Elibrary NamdhariElibrary@gmail.com

ਸਨ। ਓਹਨਾਂ ਦੇ ਅਸਧਾਰਨ ਆਪਮ ਬਲ ਬਾਰੇ ਬਹੁਤ ਸਾਰੀਆਂ ਗਲਾਂ ਪ੍ਰਸਿਧ ਹਨ। ਉਹ ਜਿਸਦੇ ਕੰਨ ਵਿਚ ਮੰਤਰ ਪੜ ਦਿੰਦੇ ਸਨ ਉਹੀ ਉਹਨਾਂ ਦਾ ਪਰਮ ਭਗਤ ਅਤੇ ਚੇਲਾ ਹੋ ਜਾਂਦਾ ਸੀ। ਜਦ ਇਹ ਗਲ ਪਰ-ਸਿਧ ਹੋਈ ਤਾਂ ਦੋ ਬਦਮਾਸ਼ ਅੰਗਰੇਜ ਓਨਾਂ ਕੋਲ ਉਹਨਾਂ ਦੀ ਸ਼ਕਤੀ ਦੀ ਪਰੀਖਿਆ ਲੈਣ ਗਏ। ਉਹਨਾਂ ਕਿਹਾ ਸੀ, **ਵੇਖਾਂਗੇ ਸਾਡੇ ਉਤੇ ਕੀ ਅਸਰ ਪੈਂਦਾ ਹੈ? ਸਿਖਿਆ ਬਾਦ ਓਨਾਂ ਦੇ ਕਟੜ ਭਗਤ ਬਣ ਗਏ** ਅਤੇ ਇੰਜ ਓਨਾਂ ਦੇ ਸਖਸ਼ੀ ਦੋਸ਼ ਵੀ ਦੂਰ ਹੋ ਗਏ। ਇਸੇਤਰਾਂ ਡਾ. ਗੋਕਲ ਚੰਦ ਇਕ ਲੇਖ ਵਿਚ ਲਿਖਦੇ ਹਨ ਕਿ ਓਹਨਾਂ ਦੀ ਦਾਦੀ ਦਾ ਭਰਾ ਇਕ ਮਾੜੇ ਚਾਲ ਚਲਨ ਦਾ ਬੰਦਾ ਸੀ ਅਤੇ ਉਸ ਨੂੰ ਹੁਕਾ ਪੀਣ ਦੀ ਆਦਤ ਸੀ। ਸਿਰਫ ਇਕ ਵਾਰ ਹੀ ਗੁਰੂ ਜੀ ਦੇ ਦਰਸ਼ਨ ਨੇ ਓਨਾਂ ਦਾ ਜੀਵਨ ਇਕ ਦਮ ਬਦਲ ਦਿਤਾ। ਇਸੇ ਤਰਾਂ ਇਕ ਹੋਰ ਆਦਮੀ ਜਿਸਨੇ ਕਿ ਕਦੇ ਕੋਈ ਕਤਲ ਕੀਤਾ ਸੀ ਗੁਰੂ ਜੀ ਤੋਂ ਸੁਧਰਿਆ ਫਿਰ ਉਸਨੇ ਆਪਣੇ ਆਪ ਨੂੰ ਕਚਹਿਰੀ ਵਿਚ ਪੇਸ਼ ਕਰ ਦਿਤਾ ਅਤੇ ਆਪਣਾ ਜੁਰਮ ਮੰਨ ਲਿਆ। ਜਦ ਜਜ ਨੇ ਬੇਹਦ ਹੈਰਾਨੀ ਨਾਲ ਪੁਛਿਆ ਕਿ 'ਤੈਨੂੰ ਤਾਂ ਕੋਈ ਜਾਣਦਾ ਤਕ ਵੀ ਨਹੀਂ ਸੀ ਤੇ ਕਤਲ ਬਾਰੇ ਤੇਰੇ ਉਤੇ ਕੋਈ ਸ਼ਕ ਵੀ ਨਹੀਂ ਸੀ। ਫਿਰ ਤੂੰ ਅਚਾਨਕ ਜੁਰਮ ਮੰਨ ਕੇ ਮੌਤ ਨੂੰ ਸਦਾ ਕਿਓਂ ਦਿਤਾ। ਤਾਂ ਉਸਨੇ ਆਖਿਆ **ਮੇਰੇ ਗੁਰੂ ਜੀ ਦੀ ਇਹ ਆਗਿਆ ਹੈ।**

ਸਰਕਾਰ ਨੇ ਵੀ ਪਰਖਣਾ ਚਾਹਿਆ ਇਕ ਸਭ ਇਨਸਪੈਕਟਰ ਭੇਜਿਆ। ਉਹ ਵੀ ਬੜਾ ਖੁਸ਼ ਸੀ ਉਸਨੂੰ ਆਸ ਸੀ ਕਿ ਓਹ ਸਾਰੇ ਭੇਦ ਖੋਹਲ ਕੇ ਕੁਝ ਇਨਾਮ ਲਏਗਾ, ਗੁਰੂ ਜੀ ਦੇ ਦਰਸ਼ਨ ਕੀਤੇ ਤੇ ਵਾਪਸ ਆ ਗਿਆ। ਆਉਂਦਿਆ ਹੀ ਅਸਤੀਫਾ ਦੇ ਦਿਤਾ। ਅਫਸਰਾਂ ਨੇ ਪੁਛਿਆ ਅਸਤੀਫਾ ਕਿਓਂ ਦੇਂਦਾ ਹੈਂ ਤਾਂ ਉਸਨੇ ਉਤਰ ਦਿਤਾ ਕਿ **ਗੁਰੂ ਜੀ ਦਾ ਇਹੀ ਹੁਕਮ ਹੈ ਓਹ ਕਹਿੰਦੇ ਹਨ ਕਿ ਬਿਦੇਸ਼ੀ ਹਾਕਮਾਂ ਦੀ ਨੌਕਰੀ ਬਿਲਕੁਲ ਨ ਕਰੋ।**

ਅਜੇਹੀਆਂ ਅਨੇਕ ਵਾਰਦਾਤਾਂ ਹਨ। ਕੁਝ ਵੀ ਹੋਵੇ, ਇਨਾਂ ਤਾਂ ਮੰਨਣਾਂ ਹੀ ਪਵੇਗਾ ਕਿ ਗੁਰੂ ਜੀ ਰਬ ਦੇ ਭਗਤ ਤੇ ਉਚੇ ਇਖ-ਲਾਕ ਸਦਕਾ ਇਕ ਮਹਾਨ ਸ਼ਕਤੀਸ਼ਾਲੀ ਮਹਾਂ ਪੁਰਖ ਸਨ। ਸਰਕਾਰ ਇਹ ਗਲਦੇਖ ਕੇ ਘਬਰਾਈ ਅਤੇ ਉਸ ਨੂੰ ਸਾਰੇ ਅੰਦੋਲਨ ਨੂੰ ਦਬਾਉਣ ਦੀ ਚਿੰਤਾ ਹੋਈ, ਇਹ ਵੀ ਭਾਵਕ ਹੀ ਸੀ।

ਭਰ ਬਗਾਵਤ ਦਾ ਆਰੰਭ

੧੮੬੮-੬੯ ਵਿਚ ਸਾਰੀਆਂ ਪਾਬੰ

Sri Satguru Jagjit Singh Ji Elibrary NamdhariElibrary@gmail.com

ਦੀਆਂ ਹਟਾ ਲਈਆਂ ਗਈਆਂ। ਲੋਕ ਹਜ਼ਾਰਾਂ ਦੀ ਗਿਣਤੀ ਵਿਚ ਭੈਣੀ ਆਉਣ ਲਗੇ। ਸੰ: ੧੮੭੧ ਵਿਚ ਕੁਝ ਕੂਕੇ ਵੀਰ ਅੰਮ੍ਰਿਤਸਰ ਵਿਚ ਦੀ ਗੁਜ਼ਰ ਰਹੇ ਸਨ। ਇਹ ਸੁਣਿਆ ਕਿ ਮੁਸਲਮਾਨ ਬੁਚੜ ਅਣ-ਗਿਣਤ ਗਊਆਂ ਨੂੰ ਨਿਤ ਹਿੰਦੂਆਂ ਨੂੰ ਚਿੜਾਉਣ ਲਈ ਉਹਨਾਂ ਦੇ ਸਾਹਮਣੇ ਹਤਿਆ ਕਰਦੇ ਹਨ। ਹਿੰਦੂ ਸਮਾਜ ਨੂੰ ਬਹੁਤ ਦੁਖ ਹੁੰਦਾ ਹੈ। ਕਟੜ ਗਊ ਭਗਤ ਕੂਕੇ ਇਹ ਸਭ ਕੁਝ ਸਹਾਰ ਨਾ ਸਕੇ। ਉਹਨਾਂ ਬੁਚੜ ਖਾਨੇ ਉਤੇ ਹਮਲਾ ਕਰ ਦਿਤਾ ਅਤੇ ਸਾਰਿਆਂ ਬੁਚੜਾਂ ਨੂੰ ਥਾਂ ਤੇ ਢੇਰ ਕਰ ਦਿਤਾ ਅਤੇ ਆਪ ਭੈਣੀ ਵਲ ਨੂੰ ਹੋ ਪਏ। ਅੰਮ੍ਰਿਤਸਰ ਦੇ ਸਾਰੇ ਸਰ-ਕਰਦਾ ਹਿੰਦੂ ਗਰਿਫਤਾਰ ਕਰ ਲਏ ਗਏ ਗੁਰੂ ਜੀ ਨੂੰ ਇਹ ਖਬਰ ਪਹਿਲਾਂ ਹੀ ਮਿਲ ਚੁਕੀ ਸੀ ਅਤੇ ਉਹਨਾਂ ਕੂਕਿਆਂ ਨੇ [illegible] ਵਿਥਿਆ ਸੁਣਾਈ। ਗੁਰੂ ਜੀ ਨੇ ਆਗਿਆ ਦਿਤੀ, 'ਜਾਓ ਜਾ ਕੇ ਆਪਣਾ ਜੁਰਮ ਮੰਨ ਲਉ ਅਤੇ ਉਹਨਾਂ ਨਿਰਦੋਸ਼ ਲੋਕਾਂ ਨੂੰ ਆਫਤ ਤੋਂ ਬਚਾਓ।' ਹੁਕਮ ਦਾ ਪਾਲਣ ਕੀਤਾ ਗਿਆ। ਬੇ-ਦੋਸ਼ੇ ਲੋਕ ਰਿਹਾ ਹੋ ਗਏ ਅਤੇ ਇਹ ਵੀਰ ਅਤਿਅੰਤ ਆਨੰਦ ਅਤੇ ਖੁਸ਼ੀ ਨਾਲ ਫਾਂਸੀ ਚੜ੍ਹ ਗਏ। ਅਜੇਹੀ ਘਟਨਾ ਰਾਏਕੋਟ ਵਿਚ ਵੀ ਹੋਈ ਉਥੋਂ ਵੀ ਕਈਆਂ ਕੂਕਿਆਂ ਨੂੰ ਫਾਂਸੀ ਦਿਤੀ ਗਈ ਕੁਝ ਹੋਰ ਸਿਖਾਂ ਨੇ ਮਹਿਸੂਸ ਕੀਤਾ ਕਿ ਬੇ-[illegible] ਸਾਥੀਆਂ ਨੂੰ ਫਾਂਸੀ ਚਾੜ ਦਿਤਾ ਗਿ[illegible]ਹੈ। ਬਦਲੇ ਲਈ ਹਿੰਸਾ ਦੀ ਅਗਨ ਪ੍ਰ[illegible] ਹੋਈ, ਪਰ ਕੋਈ ਖਾਸ ਘਟਨਾ ਨਾ ਵਾ[illegible]।

੧੩ ਜਨਵਰੀ ੧੮੭੨ ਨੂੰ ਭੈਣੀ ਵਿਚ ਮਾਘੀ ਦਾ ਮੇਲਾ ਹੋਣਾ ਸੀ। ਲੋਕ ਦੂਰ ਦੂਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆਉਣ ਲਗੇ। ਇਕ ਕੂਕਾ ਨਾਮਧਾਰੀ ਵੀਰ ਰਿਆਸਤ ਮਲੇਰ ਕੋਟਲੇ ਦੇ ਇਸੇ ਨਾਂ ਦੇ ਸ਼ਹਿਰ ਥਾਣੀਂ ਲੰਘ ਰਿਹਾ ਸੀ। ਉਹਨੇ ਇਕ ਮੁਸਲਮਾਨ ਨੂੰ ਵੇਖਿਆ ਜੋ ਇਕ ਬੋਲਦ ਉਤੇ ਬੈਠਾ, ਬੇਹਦ ਭਾਰ ਲਦੀ ਉਸ ਨੂੰ ਬਹੁਤ ਕੁਟੀ ਜਾ ਰਿਹਾ ਸੀ। ਕੂਕੇ ਨੇ ਮੁਸਲਮਾਨ ਨੂੰ ਕਿਹਾ, 'ਭਾਈ ਏਨਾ ਜ਼ੁਲਮ ਨਾ ਕਰ। ਭਾਰ ਤਾਂ ਪਹਿਲਾਂ ਹੀ ਬਹੁਤ ਹੈ। ਤੂੰ ਥਲੇ ਉਤਰ ਆਏਂ ਤਾਂ ਕੀ ਹਰਜ਼?' ਪਰ ਜਵਾਬ ਵਿਚ ਝਟ ਦੋ ਚਾਰ ਗਾਲ੍ਹਾਂ ਮਿਲੀਆਂ। ਕੂਕਾ ਕੋਈ ਬੁਜ਼ਦਿਲ ਜਾਂ ਕਾਇਰ ਤਾਂ ਹੈ ਹੀ ਨਹੀਂ ਸੀ। ਇਟ ਦਾ ਜਵਾਬ ਪਥਰ ਨਾਲ ਦਿਤਾ। ਨੌਬਤ ਹਥੋਪਾਈ ਤਕ ਆ ਗਈ। ਰਿਆਸਤ ਦੇ ਬਦ-ਦਿਮਾਗ ਕਰਮਚਾਰੀ ਉਸ ਨੂੰ ਫੜਕੇ ਕੋਤਵਾਲੀ ਲੈ ਜਾਏ। ਉਥੇ ਉਸ ਗਰੀਬ ਨੂੰ ਅਣਗਿਣਤ ਦੁਖ ਤਕਲੀਫਾਂ ਅਤੇ ਬੇਇਜਤੀ ਸਹਾਰਨੀ ਪਈ। ਬਾਅਦ ਵਿਚ ਉਹਦੀਆਂ ਅਖਾਂ ਸਾਹਮਣੇ ਉਹੀ ਬੋਲਦ ਮਾਰ ਦਿਤਾ ਗਿਆ। ਇਹ ਅਸਹਿ ਸੀ। ਰਿਹਾ ਹੁੰਦਿਆਂ ਹੀਉਹ ਭੈਣੀ ਪਹੁੰ-ਚਿਆ। ਉਸਨੇ ਭਰੇ ਦੀਵਾਨ ਵਿਚ ਭਿਆ-ਨਕ ਜ਼ੁਲਮਾਂ ਦੀ ਵਿਥਿਆ ਸੁਣਾਈ। ਲੋਕ ਤਾਂ ਰਾਏਕੋਟ ਦੀ ਵਾਰਦਾਤ ਤੋਂ ਹੀ ਭੜਕੇ ਹੋਏ ਸਨ। ਬਲਦੀ ਉਤੇ ਤੇਲ ਪਿਆ ਅਗ ਮਚ ਉਠੀ। ਆਪਣੇ ਬਾਹੂ ਬਲ ਦੇ ਭਰੋਸੇ ਬਦਲਾ ਲੈਣ ਦਾ ਫੈਸਲਾ ਹੋਗਿਆ। ਜੋਸ਼ ਵਧਦਾ ਵੇਖ ਕੇ ਗੁਰੂ ਜੀ ਕੁਝ ਘਬਰਾਏ। ਗਲ ਵਿਚ ਪਲਾ ਪਾਕੇ ਬੇਨਤੀ ਕੀਤੀ,

Sri Satguru Jagjit Singh Ji Elibrary NamdhariElibrary@gmail.com

'ਖਾਲਸਾ ਜੀ! ਕੀ ਅਨਰਥ ਕਰਨ ਜਾ ਰਹੇ ਹੋ? ਜਰਾ ਸ਼ਾਂਤੀ ਅਤੇ ਸਹਿਨਸ਼ੀਲਤਾ ਤੋਂ ਕੰਮ ਲਓ। ਜਰਾ ਸੋਚੋ ਤਾਂ ਸਹੀ, ਇਸ ਸਭ ਕੁਝ ਦਾ ਕੀ ਨਤੀਜਾ ਨਿਕਲੇਗਾ? ਸਾਰਾ ਬਣਿਆਂ ਬਣਾਇਆ ਕੰਮ ਵਿਗੜ ਜਾਏਗਾ। ਗੁਰੂ ਜੀ ਦੇ ਇਸਤਰਾਂ ਮਤ ਦੇਣ ਨਾਲ ਕੁਝ ਲੋਕਾਂ ਦਾ ਜੋਸ਼ ਮਠਾ ਤਾਂ ਪੈ ਗਿਆ ਪਰ ਹੋਰ ਆਦਮੀ ਪ੍ਰਤਿਹਿੰਸਾ ਦੀ ਸਖਤ ਮੂਰਤੀ ਬਣ ਬੈਠੇ। ਉਹਨਾਂ ਦਾ ਜੋਸ਼ ਥੰਮਿਆ ਨ ਗਿਆ। ਗੁਰੂ ਜੀ ਨੇ ਲਖ ਸਮਝਾਉਣ ਦੀ ਕੋਸਿਸ਼ ਕੀਤੀ ਪਰ ਇਕ ਸਾਥੀ ਦੀ ਬੇਇਜਤੀ ਨੂੰ ਉਹ ਕਿਵੇਂ ਸਹਾਰ ਸਕਦੇ ਸਨ।

ਇਹ ਬੜੀ ਨਾਜਕ ਹਾਲਤ ਸੀ। ਕੰਮ ਅਧੂਰਾ ਹੀ ਸੀ ਅਤੇ ਕੋਈ ਤਿਆਰੀ ਵੀ ਨਹੀਂ ਕੀਤੀ ਹੋਈ ਸੀ। ਇਸ ਹਾਲਤ 'ਚ ਇਹਨਾਂ ੧੫੦ ਉਤੇਜਿਤ ਲੋਕਾਂ ਦੇ ਸਾਥ ਦੇ ਨਾਲ ਸਾਰਾ ਅੰਦੋਲਨ ਕੁਚਲੇ ਜਾਣ ਦੀ ਸੰਭਾਵਨਾ ਸੀ। ਕੀ ਕੀਤਾ ਜਾਵੇ? ਫਰਜ-ਸ਼ਿਨਾਸਾਂ ਦੀ ਤਰਾਂ ਸਾਰੇ ਦੇਖ ਰਹੇ ਸਨ, ਦੇਖ ਗੁਰੂ ਜੀ ਵੀ ਰਹੇ ਸਨ। ਕੋਈ ਦੂਜਾ ਆਦਮੀ ਇਸ ਇਹੋ ਜਿਹੇ ਸਮੇਂ ਕੀ ਕਰਦਾ, ਅਥਵਾ ਇਸ ਸਮੇਂ ਲੋਕ ਕੀ ਕਰਨ ਦੀ ਸਲਾਹ ਦੇ ਸਕਦੇ ਸਨ? ਇਹਨਾਂ ਗਲਾਂ ਦਾ ਸਾਨੂੰ ਪਤਾ ਵੀ ਨਹੀਂ ਅਤੇ ਕੋਈ ਫਿਕਰ ਵੀ ਨਹੀਂ। ਦੂਰਦਰਸ਼ੀ ਗੁਰੂ ਜੀ ਨੇ ਉਸ ਵੇਲੇ ਇਹੀ ਸੋਚਿਆ ਕਿ ਇਹ ਉਤੇਜਿਤ ਲੋਕ ਤਾਂ ਸ਼ਾਂਤ ਹੋ ਨਹੀਂ ਰਹੇ। ਇਹਨਾ ਦੀ ਮਰਜੀ ਮੁਤਾਬਿਕ ਹੁਣੇ ਹੀ ਵਿਦਰੋਹ ਕਰਨ ਦੀ ਅਜੇ ਤਿਆਰੀ ਨਹੀਂ ਕੀਤੀ ਗਈ ਅਤੇ ਅਜੇ ਤਾਂ ਸਾਰਾ ਕੰਮ ਜਥੇਬੰਦ ਵੀ ਨਹੀਂ ਹੋਇਆ। ਇਸ ਵੇਲੇ ਜੇ ਇਹ ਚਲੇ ਜਾਣ ਅਤੇ ਅਸੀਂ ਸਰਕਾਰ ਨੂੰ ਇਹ ਦਸ ਦੇਈਏ ਕਿ ਸਾਡਾ ਇਹਨਾਂ ਨਾਲ ਕੋਈ ਵਾਸਤਾ ਨਹੀਂ ਤਾਂ ਬਾਕੀ ਅੰਦੋਲਨ ਬਚ ਜਾਵੇਗਾ ਗਲ ਤਾਂ ਚੰਗੀ ਲਗਦੀ ਹੈ। ਪਰ ਸਿਆਸੀ ਦਾਅ ਪੇਚਾਂ ਦੀ ਅਹਿਮੀਅਤ ਉਹਨਾਂ ਦੀ ਸਫਲਤਾ ਉਤੇ ਅਧਾਰਤ ਹੁੰਦੀ ਹੈ। ਗੁਰੂ ਜੀ ਨੇ ਇਹ ਦਾਅ ਪੇਚ ਵਰਤਿਆ, ਪਾਸਾ ਉਲਟ ਗਿਆ, ਇਹ ਨਿਸਫਲ ਰਿਹਾ। ਇਹੀ ਉਹਨਾਂ ਦਾ ਸਭ ਤੋਂ ਵਡਾ ਅਪਰਾਧ ਸੀ। ਉਹਨਾ ਉਸੇ ਵੇਲੇ ਪੁਲਸ ਨੂੰ ਖਬਰ ਦੇ ਦਿਤੀ ਕਿ ਇਹ ਲੋਕ ਭੜਕ ਕੇ, ਉਹਨਾਂ ਦੀਆਂ ਅਰਜਾਂ ਅਤੇ ਹੁਕਮਾ ਨੂੰ ਨਾ ਮੰਨ ਕੇ ਝਗੜੇ ਫਸਾਦ ਲਈ ਜਾ ਰਹੇ ਹਨ। ਮੈਂ ਹੁਣੇ ਹੀ ਪੁਲਸ ਨੂੰ ਖਬਰ ਦੇਕੇ ਖਬਰਦਾਰ ਕਰ ਦੇਣਾ ਚਾਹੁੰਦਾ ਹਾਂ। ਉਹ ਇਹਨਾਂ ਨਾਲ ਨਿਬੜ ਲੈਣ। ਮੈਂ ਅਨਰਥ ਦਾ ਜਿੰਮੇਂਵਾਰ ਨਹੀਂ ਹਾਂ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਨੌਜਵਾਨ ਯੁਧ ਕਰ ਰਿਹਾ ਹੈ।

ਮ ਸਟਰ ਨਿਹਾਲ ਸਿੰਘ ਜੀ ਸ੍ਰੀ ਜੀਵਨ ਨਗਰ

ਬੁਲ ਬੁਲ ਕੋ ਦੀਆ ਨਾਲ
ਪਰਵਾਨੇ ਕੋ ਜਲਨਾ,
ਗ਼ਮ ਹਮ ਕੋ ਦੀਆ,
ਜੋ ਸਭ ਸੇ ਮੁਸ਼ਕਲ ਨਜ਼ਰ ਆਇਆ।

ਇਸ ਸਮੇਂ ਅੰਦਰ ਨਾਮਧਾਰੀ ਨੌਜਵਾਨ ਵਾਸਤੇ ਅਤਿ ਬਿਖੜਾ ਰਸਤਾ ਹੈ। ਇਸ ਨੂੰ ਪੈਰ ਪੈਰ ਤੇ ਚਿੰਤਾ ਹੈ। ਘੜੀਘੜੀ ਦਾ ਫਿਕਰ ਹੈ। ਭਲਾ ਚਿੰਤਾ ਕਾਹਦੀ? ਇਹ ਚਿੰਤਾ ਉਸਦੀ ਘਰੇਲੂ ਨਹੀਂ! ਇਹ ਕੋਈ ਵਪਾਰਕ ਉਲਝਣ ਨਹੀਂ। ਇਹ ਹੈ ਕੇਵਲ ਆਦਰਸ਼ ਦੀ। ਹਰ ਨਾਮਧਾਰੀ ਦਾ ਆਦਰਸ਼ ਹੈ ਕਿ ਗਲੀ ਮੁਹੱਲੇ ਨੂੰ ਸੁਖਾਵਾਂ ਬਨਾਇਆ ਜਾਵੇ। ਆਪਣੇ ਪ੍ਰਾਂਤ ਨੂੰ ਸੁਖੀ ਬਨਾਇਆ ਜਾਵੇ, ਆਪਣੇ ਦੇਸ਼ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਿਆ ਜਾਵੇ। ਸਮੂੰਹ ਸੰਸਾਰ ਅੰਦਰ ਸ਼ਾਂਤੀ ਪੈਦਾ ਕਰਨ ਵਾਸਤੇ ਹਮਲਾ ਮਾਰਿਆ ਜਾਵੇ। ਇਨਾਂ ਸਮੂਹ ਗੁਣਾਂ ਨੂੰ ਇਕ ਸੂਤਰ ਵਿਚ ਪਰੋਕੇ ਧਰਮ ਕਹਿਆ ਜਾ ਸਕਦਾ ਹੈ। ਧਰਮ ਸਭ ਸੁਖਾਂ ਦਾ ਸਾਧਨ ਹੈ। ਧਰਮ ਦੁਖਾਂ ਦਾ ਇਲਾਜ ਹੈ। ਧਰਮ ਹੈ ਤਾਂ ਖੁਸ਼ੀ ਹੈ। ਧਰਮ ਹੈ ਤਾਂ ਸ਼ਾਂਤੀ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਅਵਤਾਰ ਧਾਰਨ ਦੀ ਇਕੋ ਵਜਾ ਦਸਦੇ ਸਨ।

ਯਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ।

ਕੌਣ ਨਹੀਂ ਜਾਣਦਾ ਕਿ ਗੁਰੂ

Sri Satguru Jagjit Singh Ji Elibrary NamdhariElibrary@gmail.com

ਨਾਨਕ ਦੇਵ ਜੀ ਮਹਾਰਾਜ ਜੰਗਲਾਂ ਪ੍ਰਬਤਾਂ ਅਤੇ ਸਹਿਰਾਵਾਂ ਨੂੰ ਚੀਰਦੇ ਤਿਬਤ, ਬਰਮਾਂ ਲੰਕਾ, ਅਰਬ, ਕਾਬਲ, ਈਰਾਨ ਆਦਿ ਦੇਸ਼ਾਂ ਵਿਚ ਧਰਮ ਦੇ ਪ੍ਰਚਾਰਨ ਵਾਸਤੇ ਗਏ, ਤਾਂ ਕਿ ਲੋਕ ਗਲਤ ਪਾਸਾ ਛਡਕੇ ਸਿਧੇਰਾਹ ਤੇ ਆਉਣ। ਸਚ ਦੀ ਪੌੜੀ ਚੜਨ। ਧਰਮੀ ਬਣਨ, ਧਰਮ ਹੀ ਉਹ ਧੁਰਾ ਹੈ, ਜਿਹੜਾ ਮਨੁਖ ਅੰਦਰ ਧੀਰਜ ਪੈਦਾ ਕਰਦਾ ਹੈ, ਜਿਹੜਾ ਚੰਗੇ ਮਾੜੇ ਦਾ ਗਿਆਨ ਕਰਾਉਂਦਾ ਹੈ, ਹਕ ਹਲਾਲ ਦਾ ਫਰਕ ਦਸਦਾ ਹੈ, ਕੀ ਖਾਣਾ ਹੈ, ਕੀ ਪਾਉਣਾ ਹੈ, ਕੀ ਲਾਉਣਾ ਹੈ ਕੀ ਵਰਤਣਾ ਹੈ, ਧਰਮ ਸਤ ਅਸਤ ਦਾ ਨਿਰਨਾ ਦਰਸਾਉਂਦਾ ਹੈ। ਰਵਾਂਢੀ ਨਾਲ ਕਿਵੇਂ ਵਰਤਣਾ ਹੈ ਇਹ ਵੀ ਧਰਮ ਹੀ ਦਸਦਾ ਹੈ।

ਗੁਰੂ ਨਾਨਕ ਦੇਵ ਜੀ ਸਤਿ ਦੀਜੋਤ ਪ੍ਰਚੰਡ ਕਰ ਦਿਤੀ। ਦੀਵੇ ਤੋਂ ਦੀਵਾ ਰੌਸ਼ਨ ਹੁੰਦਾ ਗਿਆ। ਰੌਸ਼ਨੀ ਅਨੇਰੇ ਨੂੰ ਖਾਂਦੀ ਗਈ ਚਾਨਣ ਦਾ ਪਸਾਰਾ ਹੁੰਦਾ ਗਿਆ। ਬਾਰਵੇਂ ਨੂਰ ਨੇ ਬਿਖੜੇ ਸਮੇਂ ਵਿਚ ਜੋ ਹੁਕਮ ਕੀਤਾ ਤੇ ਜਿਸਤੇ ਨਾਮਧਾਰੀ ਦਿਨ ਰਾਤ ਇਕ ਕਰ ਰਹੇ ਹਨ, ਉਸਦਾ ਨਕਸ਼ਾ ਗਿਆਨੀ ਗਿਆਨ ਸਿੰਘ ਜੀ ਇਉਂ ਹਾਂ ਦਸਿਆ ਹੈ—

ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਯੋਂ ਕੇ।
ਸੁਧਾ ਛਕ ਥਾਏ, ਸਿਖ ਭਾਗ ਜਿਨੈਜਾਗਿਓ।
ਫੈਲਿਓ ਜਸ ਭਾਰੀ
ਸਿਖ ਥੀਏ ਤਾਹਿਕੇ ਅਪਾਰੀ।
ਸਿਖ ਪੰਥ ਬਿਰਧਾਨੋਂ ਨਾਮ ਰਸ ਪਾਗਿਓ।
ਫੀਮ, ਭੰਗ, ਪੋਸਤ ਸ਼ਰਾਬ ਮਾਸ ਛਡੀਆਰੀ।
ਠਗੀ ਤਜ ਥਾਏ, ਮੰਤ੍ਰ ਸਤਿਗੁਰ ਆਗਿਓ।

ਪਰ ਨੇਕੀ ਅਤੇ ਬਦੀ ਵਿਚਾਲੇ ਆਦਿ ਤੋਂ ਟਕਰ ਚਲ ਰਹੀ ਹੈ। ਬਦੀ ਖੰਡ ਵਿਚ ਲਿਪੇਟਿਆ ਜ਼ਹਿਰ ਹੈ, ਬਦੀ ਫੁਲਾਂ ਤਲੇ ਸਪਣੀ ਹੈ, ਬਦੀ ਮਖਮਲ ਨਾਲ ਢਕੀ ਅੰਨ੍ਹੀ ਖੂਹੀ ਹੈ, ਬਦੀ ਹੂਰ ਦੇ ਪਹਿਰਾਵੇ ਵਿਚ ਡ੍ਰਣੀ ਹੈ। ਜਿਹੜਾ ਪੁਰਸ਼ ਇਸਦੀ ਚਮਕ ਦਮਕ ਇਸਦੇ ਹਾਵ ਭਾਵ ਵਿਚ ਫਸ ਜਾਂਦਾ ਹੈ ਉਹ ਉਲਝਣਾ ਵਿਚ ਉਲਝਿਆ ਰਹਿੰਦਾ ਹੈ। ਹੈਫ! ਸਦ!! ਇਸ ਵਿਗਿਆਨਕ ਯੁਗ ਵਿਚ ਉਸੇ ਬਦੀ ਦਾ ਬੋਲ ਬਾਲਾ ਹੈ, ਜਿਸ ਨਾਲ ਕਦੀਮਾਂ ਤੋਂ ਰਾਮ, ਕ੍ਰਿਸ਼ਨ, ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਤਕੜਾ ਘੋਲ ਕੀਤਾ ਸੀ। ਜਿਵੇਂ ਜਿਵੇਂ ਸਮਾਂ ਬੀਤਦਾ ਹੈ ਤਿਵੇਂ ਉਹ ਬਦੀ ਨਵਾਂ ਰੂਪ ਧਾਰਦੀ ਹੈ। ਅਜ ਕਲ ਉਸ ਬਦੀ ਦੇਜਾਲ ਵਿਚ ਫਸਾਉਣ ਵਾਸਤੇ ਉਸਦੇ ਮੋਟੇ ਰੇਸ਼ਮੀ ਰਸੇ ਇਹ ਕਹੇ ਜਾ ਸਕਦੇ ਹਨ—

(੧) ਚਲ-ਚਿਤਰ (ਸਿਨਮਾ)
(੨) ਫੈਸ਼ਨ-ਪ੍ਰਸਤੀ
(੩) ਅਸ਼ਲੀਲ ਸਾਹਿਤ
(੪) ਨੰਗੇ ਚਿਤਰ।

ਜਿਹੜਾ ਪੁਰਸ਼ ਇਸ ਜਾਲ ਦੇ ਕਿਸੇ ਰਸੇ ਨਾਲ ਜਰਾ ਵੀ ਛੂਹ ਜਾਂਦਾ ਹੈ, ਉਹ ਮਕੜੀ ਦੇ ਜਾਲੇ ਵਾਂਗੂੰ ਸ਼ਿਕਾਰ ਨੂੰ ਵਲੇਟ ਵਲੂਟ ਗੁਛੂ ਮੁਛੂ ਕਰ ਰਸਾਤਲ ਵਿਚ ਸੁਟ ਦੇਂਦਾ ਹੈ। ਇਹ ਮਾਇਆ ਜਾਲ ਮੌਤ ਕਿਟਨ ਹੈ

Sri Satguru Jagjit Singh Ji Elibrary NamdhariElibrary@gmail.com

ਜਿਹੜਾ ਚਲਦੇ ਫਿਰਦੇ ਖਾਂਦੇ ਪੀਂਦੇ ਸਮਾਜ ਦੇ ਲਹੂ ਨੂੰ ਧੀਰੇ ਧੀਰੇ ਪਾਣੀ ਬਣਾ ਦੇਂਦੀ ਹੈ। ਕੀ ਮਨੁਖ ਇਕ ਦਮ ਖੂਹ-ਖਾਤੇ ਵਿਚ ਧੜਮ ਕਰਕੇ ਜਾ ਡਿਗਦਾ ਹੈ। ਬਲਕਿ ਉਹ ਕਿਰਨਾਂ ਇਤਨੀਆਂ ਜ਼ਹਿਰੀਲੀਆਂ ਹਨ ਕਿ ਉਨਾਂ ਦਾ ਨਾਂਉਂ ਕੰਨਾਂ ਵਿਚ ਪੈਣ ਦੀ ਦੇਰ ਹੁੰਦੀ ਹੈ ਕਿ ਸਰੋਤੇ ਦਾ ਲਹੂ ਪਤਲਾ ਪੈਣ ਲਗ ਪੈਂਦਾ ਹੈ। ਇਹ ਕਾਰਨ ਹੈ ਕਿ ਨਾਮਧਾਰੀ ਨੌਜਵਾਨ ਨੇ ਆਪਣੇ ਪ੍ਰਕਾਸ਼-ਸਬੰਧ ਦੀ ਰੌਸ਼ਨੀ ਵਿਚ ਇਸ ਅੰਨੇਰੇ ਦੀਆਂ ਫੌਜਾਂ ਦਾ ਚੈਲੰਜ ਕਬੂਲ ਕਰ ਲਿਆ ਹੈ ਅਤੇ ਉਨਾਂ ਨੂੰ ਸਿਰ ਪੈਰਾਂ ਤੇ ਰਖਾ ਦੌੜਾਉਣ ਹਿਤ, ਕੋਈ ਪਲ ਵੀ ਜਾਇਆ ਨਹੀਂ ਕਟਦਾ।

ਸਮੇਂ ਦੇ ਮਾਲਿਕ ਨੌਜਵਾਨਾਂ ਦੇ ਰੂਹਾਂ ਰਵਾਂ ਨਾਮਧਾਰੀਆਂ ਦੇ ਦਿਲਾਂ ਦੇ ਸਮਰਾਟ ਸਤਿਗੁਰੂ ਜਗਜੀਤ ਸਿੰਘ ਜੀ ਨੌਜਵਾਨਾਂ ਦੇ ਲਹੂ ਨੂੰ ਗਰਮਾਉਣ ਵਾਸਤੇ ਆਪਣੇ ਦੌਰਿਆਂ ਸਮੇ ਮਾਈਆਂ ਭਾਈਆਂ ਨੂੰ ਕਲਜੁਗੀ ਕੋਹੜ ਤੋ ਬਚੇ ਰਹਿਣ ਲਈ ਪ੍ਰੇਰਨਾ ਦਿੰਦੇ ਹਨ। ਉਸਦੇ ਨਾਲ ਹੀ ਨੌਜਵਾਨਾਂ ਨੂੰ ਆਪਣੀ ਗਲਵਕੜੀ ਵਿਚ ਲੈਣ ਵਾਸਤੇ ਆਪਣੀਆਂ ਭੁਜਾਂ ਨੂੰ ਵਧੇਰੇ ਵਿਸ਼ਾਲ ਕਰ ਲੈਂਦੇ ਹਨ।

ਮੈਂ ਦੁਖ ਮਹਿਸੂਸ ਕਰਦਾ ਹਾਂ ਕਿ ਜਦ ਮੈਂ ਗੈਰ ਨਾਮਧਾਰੀ ਨੌਜਵਾਨਾਂ ਨੂੰ ਆਪਣੇ ਵਲ ਓਪਰੀਆਂ ਅਖਾਂ ਨਾਲ ਤਕਦਿਆਂ ਵੇਖਦਾ ਹਾਂ। ਓਹ ਸਮਝਦੇ ਹਨ ਕਿ ਨਾਮਧਾਰੀਆਂ ਦਾ ਜ਼ੋਰ ਘੁਟਵਾਂ ਹੈ। ਜੋ ਕੁਝ ਵਾਪਰ ਰਿਹਾ ਹੈ ਉਹ ਸਮੇ ਦੇ ਅਨੁਕੂਲ ਹੈ, ਸਮੇ ਦੀ ਲਿਸ਼ਕ ਪੁਸ਼ਕ ਹਾਸਾ ਠਠਾ ਅਤੇ ਵਡਿਆਂ ਵਲ ਬੇਰੁਖੀ ਕੋਈ ਬਿਮਾਰੀ ਨਹੀਂ ਇਹ ਸਮੇ ਅਨਕੂਲ ਹੈ। ਇਹ ਸਾਇੰਸ ਦਾ ਜੁਗ ਹੈ। ਮਨੁਖ ਉਨਤੀ ਦੀਆਂ ਸਿਖਰਾਂ ਛੂਹ ਰਿਹਾ ਹੈ। ਮਨੁਖ ਦੇ ਰਹਿਣ ਸਹਿਣ ਸੁਖਾਵੇਂ ਹੋ ਰਹੇ ਹਨ ਦੂਰੀਆਂ ਮੁਕ ਰਹੀਆਂ ਹਨ ਨਵਾਂ ਸਮਾਜ ਉਗ ਰਿਹਾ ਹੈ। ਇਹਨਾਂ ਰੇਡੂਆਂ ਟੈਲੀਵੀਜਨਾਂ ਹੀਟਰਾਂ ਅਤੇ ਰੈਫੀ-ਰਜੇਟਰਾਂ ਨੇ ਘਰਾਂ ਨੂੰ ਐਸ਼ਗਾਹਾਂ ਬਣਾ ਕੇ ਰਖ ਦਿਤਾ ਹੈ। ਨਾਮਧਾਰੀ ਸੰਘਰਸ਼ ਬੇ-ਥਵਾ ਹੈ।

ਅਜ ਪਛਮ ਦੀ ਰੋਸ਼ਨੀ ਦਾ ਜਾਦੂ ਸਭ ਤੇ ਪੈ ਰਿਹਾ ਹੈ। ਸਾਨੂੰ ਯੂਰਪੀਨਾਂ ਜਾਂ ਅਮਰੀਕਨਾਂ ਨਾਲ ਨਫਰਤ ਨਹੀਂ ਅਸੀ ਸਭ ਇਨਸਾਨਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਜੋਤ ਤਕਦੇ ਹਾਂ। ਮਗਰ ਉਨਾਂ ਦੀ ਮੰਦੀ ਵਾਸਨਾਂ ਤੋਂ ਸਖਤ ਨਫਰਤ ਹੈ ਕਿਉਂ ਕਿ ਐਸ਼ੋ ਇਸ਼ਰਤ ਭੋਗ ਵਿਲਾਸ ਬਰਬਾਦੀ ਦੇ ਬੀ ਹਨ। ਜਿਵੇਂ ੨ ਨਵੀਨ ਵਿਦਿਆਂ ਦਾ ਪਸਾਰਾ ਵਧ ਰਿਹਾ ਹੈ ਪੁਤਰ ਪਾਸੋਂ ਪਿਤਾ ਦਾ ਸਤਿਕਾਰ ਗਵਾਚ ਗਿਆ ਹੈ, ਧੀ ਕੋਲ ਮਾਂ ਵਾਸਤੇ ਆਦਰ ਨਹੀਂ ਪਤਨੀ ਦਾ ਪਤੀ ਨਾਲ ਸਬੰਧ ਕੇਵਲ ਸਵਾਰਥੀ ਹੈ। ਕੇਵਲ ਗਰਜਾਂ ਦੇ ਸੌਦੇ ਹਨ। ਸ਼ਿਸ਼ ਅਧਿ-ਆਪਕਾਂ ਦਾ ਨਿਰਾਦਰ ਕਰਨ ਵਿਚ ਖੁਸ਼ੀ ਸਮਝਦੇ ਹਨ। ਲੀਡਰ ਜਨਤਾ ਨੂੰ ਬੁਧੂ ਬਣਾਉਣ ਵਿਚ ਫਖਰ ਕਰਦੇ ਹਨ। ਇਹ ਸਾਰਾ ਆਵਾ ਊਤਿਆ ਨਜਰ ਆ ਰਿਹਾ ਹੈ, ਕਾਸ਼! ਮਨੁਖ ਪੜ੍ਹ ਕੇ ਮਨੁਖ ਬਣਦਾ ਮਗਰ

Sri Satguru Jagjit Singh Ji Elibrary NamdhariElibrary@gmail.com

ਅਜ ਦਾ ਜੀਵਨ ਪਧਰ ਭੋਗ ਵਿਲਾਸ ਜਾਂ ਐਸ਼ੋ ਇਸ਼ਰਤ ਤੋਂ ਉਚਾ ਨਹੀਂ।

ਨਵ ਜੁਗ ਜਿਸਨੂੰ ਰੋਸ਼ਨੀ ਕਹਿੰਦਾ ਹੈ ਓਸ ਨੂੰ ਵੇਖ ਕੇ ਇਕ ਸੁਚੀ ਆਤਮਾਂ ਚੀਕ ਉਠੀ ਸੀ—

ਸਫਾਈ ਹੋ ਰਹੀ ਹੈ ਜਿਤਨੀ
ਦਿਲ ਹੋ ਰਹੇ ਹੈਂ ਮੈਲੇ
ਅੰਧੇਰਾ ਛਾ ਜਾਏਗਾ
ਗਰ ਯਹੀ ਰੌਸ਼ਨੀ ਰਹੇਗੀ।

ਇਸ ਸਮੇ ਜਿਸਨੂੰ ਚਾਨਣਾ ਕਹਿਆ ਜਾਂਦਾ ਹੈ ਓਹ ਘੁਪ ਹਨੇਰਾ ਹੈ, ਪਥਰ ਦੇ ਜਮਾਨੇ ਵਲ ਦੌੜ ਲਗ ਰਹੀ ਹੈ।

ਕਦੇ ਜਮਾਨਾਂ ਸੀ ਕਿ ਭਾਰਤੀ ਨੌਜਵਾਨ ਬ੍ਰਮ੍ਹਚਾਰੀ ਹੋਣ ਤੇ ਮਾਣ ਕਰਦੇ ਸਨ, ਲਛਮਣ ਜੀ ਸੀਤਾ ਦੇ ਚਰਨਾਂ ਵਿਚ ਰਹਿੰਦਿਆਂ ਵੀ ਬਿਨਾਂ ਚਰਨਾਂ ਤੋਂ ਪਛਾਣ ਨਹੀਂ ਸਨ ਕਰ ਸਕਦੇ। ਉਨਾਂ ਨਿਯਮਾਂ ਦਾ ਹੀ ਧਾਰਨ ਕਰਕੇ ਅਰਜਨ, ਭੀਮ ਵਰਗੇ ਯੋਧੇ ਭੀਸ਼ਮ ਪਿਤਾਮਾਂ ਵਰਗੇ ਬਚਨ ਦੇ ਸੂਰੇ ਭਾਈ ਘਨੑਈਏ ਵਰਗੇ ਬ੍ਰਹਮ ਗਿਆਨੀ ਸਨ। ਓਸੇ ਸੇਧ ਵਿਚ ਤੁਰਦਿਆਂ ਭਾਰਤੀ ਸੈਂਕੜੇ ਸਾਲਾਂ ਦੀ ਗੁਲਾਮੀ ਵਿਚ ਅਣਖ ਨਾਲ ਜਿਉਂਦੇ ਸਨ। ਮਹਾਰਾਣਾਂ ਪਰਤਾਪ ਨੇ ਸਖਤੀਆਂਦੇ ਪਹਾੜ ਝਲੇ ਵੀ ਮੁਛ ਨੀਵੀ ਨਾ ਕੀਤੀ। ਪਰ ਅਜਾਦੀ ਤੋਂ ਪਿਛੋਂ ਹੁਣ ਭਾਰਤੀ ਜਵਾਨ ਕਿਦੇ ਹੈ। ਜਿਨਾਂ ਵਡ ਵਡੇਰਿਆਂ ਨੇ ਭਾਰਤ ਨੂੰ ਕੀ ਸਾਰੇ ਸੰਸਾਰ ਨੂੰ ਗਿਆਨ ਦਿਤਾ। ਉਨਾਂ ਨੂੰ ਮਨੋ ਕਲਪਤ ਕਹਾਣੀਆਂ ਦੇ ਪਾਤਰਾਂ ਤੋਂ ਵਧ ਦਰਜਾ ਨਾ ਦੇਣ ਦੀ ਰੁਚੀ ਜੋਰ ਫੜ ਰਹੀ ਹੈ। ਇਤਿਹਾਸ ਦੀ ਰੂਪ ਰੇਖਾ ਵਿਗਾੜੀ ਜਾਰਹੀ ਹੈ। ਮਨ ਮਰਜੀ ਦੀਆਂ ਵਿਓਂਤਾਂ ਘੜੀਆਂ ਜਾ ਰਹੀਆਂ ਹਨ। ਭਾਰਤੀ ਨੌਜਵਾਨ ਸਮਝਣ ਲਗ ਪਿਆ ਹੈ ਕਿ ਪਛਮ ਵਲੇ ਚੰਨ ਉਤੇ ਪੁਜ ਗਏ ਹਨ, ਅਸੀਂ ਅਜੇ ਧਰਤੀ ਉਤੇ ਹੀ ਅਡੀਆਂ ਗੋਡੇ ਰਗੜਨ ਡਹੇ ਹਾਂ। ਸਾਡੇ ਵਡੇ ਵਡੇਰੇ ਚੰਨ, ਸੂਰਜ, ਤੇ ਤਾਰਿਆਂ ਦੀ ਗਤੀ ਨੂੰ ਜਾਣਦੇ ਸਨ। ਹਜਾਰਾਂ ਸਾਲ ਅਗੋਂ ਨੂੰ ਵਾਪਰਨ ਵਾਲੀਆਂ ਘਟਨਾਵਾਂ ਦਾ ਇੰਨ ਬਿਨ ਦਸ ਸਕਦੇ ਸਨ। ਇਕ ਥਾਂ ਬੈਠੇ ਹੀ ਬਿਨਾਂ ਯੰਤਰਾਂ ਤੋਂ ਬ੍ਰਹਿਮੰਡ ਦੇ ਦੇ ਅਣੂ ਅਣੂ ਦੀ ਹਾਲਤ ਨੂੰ ਬਿਆਨ ਕਰ ਸਕਦੇ ਸਨ। ਜੀਵ ਪਿਛਲੇ ਜਨਮਵਿਚ ਕੀ ਸੀ, ਅਗਲੇ ਜਨਮ ਵਿਚ ਕਿਥੇ ਜਨਮ ਲੈਣਾ, ਇਸਦਾ ਗਿਆਨ ਕਰ ਸਕਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਬਗਦਾਦ ਦੇ ਸਾਹਿਬ ਜ਼ਾਦੇ ਨੂੰ ਅਖ ਦੇ ਪਲਕਾਰ ਵਿਚੋਂ ਆਕਾਸ਼ਾਂ ਪਾਤਾਲਾਂ ਦੀ ਸੈਰ ਕਰਾ ਲਿਆਏ ਸਨ। ਅਤੇ ਕੇਵਲ ਸੈਰ ਹੀ ਨਹੀਂ ਕਰਵਾਲਿਆਏ ਸਨ, ਸਗੋਂ ਉਨਾਂ ਦੇਸ਼ਾਂ ਤੋਂ ਕੜ੍ਹਾ ਪ੍ਰਸ਼ਾਦ ਦੇ ਨਾਲ ਉਸਦਾ ਕਚਕੌਲਵੀ ਲਬਾ ਲਬ ਕਰਵਾਲਿਆਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਜਾਂਦਿਆਂ ਰਾਹ ਵਿਚ ਸਾਗਰ ਨੂੰ ਗੜਵਾ ਸੌਂਪ ਗਏ। ਹਜੂਰ ਦੀ ਮਨਜਿਲ ਤੇ ਪੁਜਣ ਦੀ ਡੇਰ ਸੀ ਕਿਸਾਗਰ ਮਨੁਖੀ ਰੂਪ ਧਾਰ ਸਤਿਗੁਰੂ ਜੀ ਦਾ ਗੜਵਾ ਉਨਾਂ ਦੇ ਚਰਨਾਂ ਵਿਚ ਜਾ ਰਖਿਆ। ਮਾਂ ਦਾਨੀ ਨੇ ਬਿਆਸਾ ਨਦੀ ਦੇ ਕੰਨ ਮਰੋੜੇ ਤੇ

Sri Satguru Jagjit Singh Ji Elibrary NamdhariElibrary@gmail.com

ਆਖਿਆ ਲਾਗੇ ਆ ਬਚਾ! ਮੈਂ ਹੁਣ ਦੂਰ ਨਹੀਂ ਜਾ ਸਕਦੀ॥ ਜਰਾ ਲਾਗੇ ਆ ਜਾਹ! ਦਰਿਆ ਮਾਂ ਦਾ ਬਚਨ ਮੰਨਿ ਪਿੰਡ ਲਾਗੇ ਚਲਿਆ ਗਿਆ। ਸੰਤਾਂ ਚਵਿੰਡੇ ਵਾਲਿਆਂ ਫੂਕ ਮਾਰਕੇ ਸੰਤਾਂ ਗੰਡਾ ਸਿੰਘ ਦੇ ਮਕਾਨ ਨੂੰ ਅਗ ਦੀਆਂ ਲਾਟਾਂ ਲਪੇਟ ਵਿਚ ਲੈ ਟਹੀਆਂ ਨੂੰ ਆਪਣੀ ਬੁਕਲ ਵਿਚ ਲੈਲਿਆ ਇਥੇ ਹੀ ਬਸ ਨਹੀਂ ਮਰਨਾਂ ਜੰਮਣਾਂ ਤੇਰੇ ਬਜੁਰਗਾਂ ਦੇ ਹਥ ਵਿਚ ਸੀ ਭਲਿਆ ਲੋਕਾ!! ਪਛਮ ਵਲ ਨਾ ਝਾਕ। ਰੌਸ਼ਨੀ ਸਦਾ ਪੂਰਬ ਤੋਂ ਮਿਲਦੀ ਹੈ।

ਇਨਾਂ ਤਰੁਟੀਆਂ ਨੂੰ ਮੁਖਰਖਦਿਆਂ ਨਾਮਧਾਰੀ ਨੌਜਵਾਨ ਨੇ ਦ੍ਰਿੜ ਇਰਾਦਾ ਕਰ ਲਿਆ ਹੈ ਕਿ ਮੈਂ ਬਦੀ ਵਿਰੁਧ ਜੰਗ ਕਰਦਾ ਚਲਾ ਜਾਵਾਗਾ। ਮੇਰਾ ਪੈਰ ਅਗਾਂ ਅਗਾਂ ਹੀ ਵਧੇਗਾ ਪਿਛਾਂ ਨਹੀਂ ਹਟੇਗਾ। ਸਮਾਜਿਕ ਬੁਰਾਈਆਂ ਦੇ ਕਿਲਿਆਂ ਦੀ ਇਟ ਨਾਲ ਇਟ ਖੜਕਾ ਦਿਆਂ ਗਾ। ਸ਼ੈਤਾਨੀ ਤਾਕਤਾਂ ਦੇ ਛਕੇ ਛੁੜਾ ਦਿਆਂ ਗਾ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰੋਗਰਾਮ ਅਨੁਸਾਰ ਸਾਰੀ ਧਰਤੀ ਤੇ ਧਰਮ ਦਾ ਝੰਡਾ ਝੁਲੇਗਾ। ਝਾੜ ਝਾੜ ਵਿਚੋਂ ਨਾਮ ਦੀ ਧੁੰਨੀ ਉਠੇਗੀ। ਸਚ ਦੀ ਜੈ ਹੋਵੇਗੀ। ਕੂੜ ਕੁਸਤ ਅਲੋਪ ਹੋ ਜਾਵੇਗਾ। ਕੋਈ ਦੁਖੀਆ ਨਹੀਂ ਰਹੇਗਾ, ਗਊਆਂ ਆਜਾਦ ਫਿਰਨ ਗੀਆਂ। ਕੋਈ ਦੁਖੀਆ ਨਹੀਂ ਰਹੇਗਾ। ਗਰੀਬੀ ਦਾ ਭੋਗ ਪੈ ਜਾਵੇਗਾ।

ਨੌਜਵਾਨਾਂ ਅੰਦਰ ਰੂਹ ਫੂਕਣ ਹਿਤ ਆਪ ਆਰਾਮ ਨੂੰ ਤਿਆਗ ਚੀਨੀ ਵਾਲੇ ਦਾ ਸੰਦੇਸ਼ ਪਹੁੰਚਾ ਰਹੇ ਹਨ, ਨਾਮਧਾਰੀ ਨੌਜਵਾਨ ਵੀ ਆਪਣੇ ਤੋਂ ਅਵੇਸਲੇ ਨਹੀਂ। ਉਹ ਆਪਣੇ ਨਿਸ਼ਾਨੇ ਵਲ ਵਧ ਰਹਿਆ ਹੈ। ਇਸਦਾ ਉਦੇਸ਼ ਉਹੋ ਹੈ, ਜੋ ਦਸਮੇਸ਼ ਪਿਤਾ ਨੇ ਬਾਰ੍ਹਵੇਂ ਜਾਮੇ ਵਿਚ ਪੂਰਾ ਕਰਨਾ ਹੈ——

ਕਲਿਜੁਗ ਮੇਂ ਸਤਿਜੁਗ ਵਰਤਾਊਂ।
ਤਬੀ ਬਾਰ੍ਹਵਾਂ ਬਪ ਕਹਾਊਂ।

ਰੁਬਾਈ

——ਸ੍ਰੀ ਹਰਬੰਸ ਸਿੰਘ "ਅਰੋੜਾ"

ਕਲੀਆਂ ਖਿੜੀਆਂ ਵਿਚ ਗੁਲਜਾਰਾਂ ਭੌਰਾਂ ਸ਼ੋਰ ਮਚਾਇਆ।
ਪੰਛੀ ਚਹਿਕੇ ਮਸਤੀ ਅੰਦਰ ਬੁਲ ਬੁਲ ਰਾਗ ਅਲਾਇਆ।
ਰੁਤ ਰਾਣੀ ਨੇ ਲੈ ਅੰਗੜਾਈ ਭਰਿਆ ਚਾਰ ਚੁਫੇਰਾ,
ਭਾਗਾਂ ਭਰੀ ਬਸੰਤ ਆ ਗਈ ਪਰ ਮਾਹੀ ਨਾ ਆਇਆ॥

Sri Satguru Jagjit Singh Ji Elibrary NamdhariElibrary@gmail.com

ਗ ਜ਼ ਲ

ਵਲੋਂ—ਸ੍ਰ: ਊਧਮ ਸਿੰਘ ਜੀ ਆਜ਼ਿਜ਼ ਮੋਰੀਵਾਲਾ

ਬਹਾਰੋ ਫੂਲ ਬਰਸਾਓ ਮੇਰੇ ਦਿਲਦਾਰ ਆਉਣਾ ਹੈ।
ਬਸੰਤੀ ਗੀਤ ਅਜ ਗਾਵੋ ਚੀਨੀ ਅਸਵਾਰ ਆਉਣਾ ਹੈ।

ਹੈ ਜਿਥੋਂ ਤਕ ਨਜਰ ਜਾਂਦੀ ਤੁਸੀਂ ਅਖਾਂ ਵਿਛਾ ਦੇਵੋ
ਅਜ ਸਭ ਦੀ ਭਵਜਲੋਂ ਬੇੜੀ ਕਰਨ ਪਾਰ ਆਉਣਾ ਹੈ।

ਨੀ ਕੋਇਲੋ ਬੁਲਬੁਲੋ ਗਾਵੋ ਸਧਰ ਜਿਹੇ ਗੀਤ ਮਾਹੀ ਦੇ
ਤੁਹਾਡੇ ਚਮਨ ਦਾ ਵਾਲੀ ਤੇ ਸਿਰਜਨਹਾਰ ਆਉਣਾ ਹੈ।

ਜਿਹਦੀ ਹਸਤੀ ਤੇ ਕਰਦਾ ਸ਼ੀ ਮਾਣ ਹਿੰਦੁਸਤਾਨ ਸਾਰਾ
ਗਰੀਬਾਂ ਨਿਰਧਨਾਂ ਗਊਆਂ ਦੇ ਗਮਖਾਰ ਆਉਣਾ ਹੈ।

ਓਹ ਸੋਹਣਾ ਸ਼ੀਸ਼ਾ ਦਿਲ ਜੋ ਪਥਰਾਂ ਨਾਲ ਟਕਰਾਇਆ
ਮਹਲ ਜ਼ੁਲਮੋ ਸਿਤਮ ਦਾ ਕਰਨ ਮਿਸਮਾਰ ਆਉਣਾ ਹੈ।

ਜੀਹਦੀ ਖਾਤਰ ਓਹਦੇ ਮਨਸੂਰ ਚੜ੍ਹ ਗਏ ਸੂਲੀਆਂ ਉਤੇ
ਓਹੋ ਫਿਰ ਸੁਤਾ ਹੋਯਾ ਭਾਰਤ ਕਰਨ ਬੇਦਾਰ ਆਉਣਾ ਹੈ।

ਜੀਹਦੀਰਹਿਮਤਕਰਾਮਤਦੀਜ਼ਬਾਂਨਹੀਂਉਪਮਾਂਕਰਸਕਦੀ
ਓਹ ਨੂਰੀ ਮੋਤੀਆਂ ਵਾਲੀ ਮੇਰੀ ਸਰਕਾਰ ਆਉਣਾ ਹੈ।

ਓਹ ਧਰਤੀ ਭੈਣੀ ਸਾਹਿਬ ਦੀ ਹੈ ਚਸ਼ਮਾਂ ਆਬ ਕੌਸਰ ਦਾ
ਜਿਥੇ ਮਜ਼ਲੂਮਾਂ ਦਾ ਮਹਿਰਮ ਤੇ ਸਚਾ ਯਾਰ ਔਣਾ ਹੈ।

ਅਨੇਕਾਂ ਕਸ਼ਟ ਝਲੇ ਜਿਸ ਪਿਆਰੇ ਦੇਸ਼ ਦੀ ਖਾਤਰ
ਓਸ ਅਜ਼ਾਦੀ ਵਿਚ ਵੇਖਣ ਲਈ ਗੁਲਜ਼ਾਰ ਆਉਣਾ ਹੈ।

ਇਹੋ ਹੈ ਰੀਝ "ਆਜਿਜ਼" ਦੀ ਰਖਾਂ ਮੈਂ ਸੀਸ ਚਰਨਾਂ ਤੇ
ਓਹ ਸ਼ਾਹ ਅਸਵਾਰ ਚੀਨੀ ਦੇ ਮੇਰੇ ਦਾਤਾਰ ਆਉਣਾ ਹੈ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ. ....
ਅਲਮਾਰੀ ....
ਸ੍ਰੀ ਭੈਣੀ ਸਾਹਿਬ

ਬਸੰਤ ਪੰਚਮੀ ਦਾ ਅਵਤਾਰ

ਵਲੋਂ—ਨਿਰੰਜਣ ਸਿੰਘ ਜੀ "ਤਾਂਘੀ" ਨੀਲੋਖੇੜੀ

ਹਿੰਦੁਸਤਾਨ ਦੀ ਧਰਤੀ ਖਾਸ ਕਰ ਪੰਜਾਬ ਨੂੰ ਇਹ ਫਖਰ ਹੈ ਕਿ ਜਦੋਂ ਭੀ ਇਸਦਾ ਕਿਸੇ ਜਾਲਮ ਹੁਕਮਰਾਨ ਨਾਲ ਵਾਹ ਪਿਆ, ਤਾਂ ਕੋਈ ਨਾ ਕੋਈ ਯੋਧਾ ਅਥਵਾ ਮਹਾਂ ਪੁਰਸ਼ ਜ਼ੁਲਮ ਦੀਆਂ ਜੜ੍ਹਾਂ ਪੁੱਟਣ ਲਈ ਮੈਦਾਨ ਵ੍ਵਿਚ ਕੁਦ ਪਿਆ। ਕੌਣ ਨਹੀਂ ਜਾਣਦਾ ਕਿ ਜਦ ਮੁਸਲਮਾਨ ਬਾਦਸ਼ਾਹ ਔਰੰਗਜੇਬ ਦੇ ਦੀਮਾਗ ਵਿਚ ਸਾਰੇ ਹਿੰਦ ਨੂੰ ਜਬਰਦਸਤੀ ਮੁਸਲਮਾਨ ਬਨੌਣ ਦਾ ਖਬਤ ਸਮਾਯਾ ਹੋਯਾ ਸੀ ਤਾਂ ਪੰਜਾਬ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਥ ਵਿਚ ਤੁਲਵਾਰ ਲੈਕੇਆਪਣੇ

Sri Satguru Jagjit Singh Ji Elibrary NamdhariElibrary@gmail.com

ਮੁਠੀ ਭਰ ਸਾਥੀਆਂ ਨੂੰ ਨਾਲ ਲੈਕੇ ਮੁਕਾਬਲੇ ਲਈ ਡਟ ਗਏ ਅਤੇ ਸਦੀਆਂ ਤੋਂ ਜੰਮੀ ਹੋਈ ਮੁਗਲ ਹਕੂਮਤ ਦੀਆਂ ਜੜ੍ਹਾਂ ਝੰਜੋੜ ਦਿਤੀਆਂ। ਕਲਗੀਧਰ ਪਾਤਸ਼ਾਹ ਦਾ ਥਾਪੜਾ ਲੈਕੇ ਬੀਰ ਬੰਦਾ ਬਹਾਦਰ ਦਖਣ ਨਦੇੜ ਵਿਚੋਂ ਉਠਿਆ ਅਤੇ ਜਾਲਮ ਹਕੂਮਤ ਨੂੰ ਲਤਾੜਦਾ ਹੋਇਆ ਸਾਰੇ ਪੰਜਾਬ ਤੇ ਛਾ ਗਿਆ। ਦੇਸ਼ ਭਗਤਾਂ ਦੇ ਸਾਹਮਣੇ ਆਪਣੀ ਕੋਈ ਗਰਜ ਨਹੀਂ ਹੁੰਦੀ। ਉਹ ਹਮੇਸ਼ਾਂ ਦੇਸ਼ ਲਈ ਪੈਦਾ ਹੁੰਦੇ ਹਨ ਅਤੇ ਦੇਸ ਲਈ ਹੀ ਆਪਣਾ ਆਖਰੀ ਸੁਆਸ ਤਕ ਕੁਰਬਾਨ ਕਰ ਜਾਂਦੇ ਹਨ।

ਇਸੇਤਰਾਂ ਜਦ ਅੰਗਰੇਜੀ ਰਾਜਸਮੇ ਕਈਤਰਾਂ ਦੀਆਂ ਕੁਚਾਲਾਂ ਨਾਲ ਹਿੰਦੂਸਿਖਾਂ ਦੇ ਧਾਰਮਕ ਜਜ਼ਬਾਤਾਂ ਨੂੰ ਕੁਚਲਿਆ ਜਾ ਰਿਹਾ ਸੀ ਤਾਂ ਜਿਲਾ ਲੁਧਿਆਣੇ ਦੇ ਇਕ ਛੋਟੇ ਜਹੇ ਪਿੰਡ ਭੈਣੀ ਸਾਹਿਬ ਵਿਖੇ ਭਾਈ ਜਸਾ ਸਿੰਘ ਰਾਮਗੜੀਆ ਦੇ ਘਰ ਸੰਮਤ—੧੮੭੨ ਮਹੀਨਾ ਮਾਘ ਦੀ ਬਸੰਤ ਪੰਚਮੀ ਦੀ ਰਾਤ ਨੂੰ ਨਾਮਧਾਰੀ ਸੰਪ੍ਰਦਾ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਿਆ।

ਜਿਉਂ ਜਿਉਂ ਸਤਿਗੁਰੂ ਰਾਮ ਸਿੰਘ ਜੀ ਸਿਆਣੇ ਹੁੰਦੇ ਗਏ ਆਪ ਜੀ ਦੀ ਪ੍ਰੇਮਾ ਭਗਤੀ, ਸਚਾਈ ਅਤੇ ਦੇਸ਼-ਪਿਆਰ ਦੀ ਚਰਚਾ ਚੁਫੇਰੇ ਫੈਲਦੀ ਗਈ ਅਤੇ ਬਹੁਤ ਸਾਰੇ ਸਿਖ ਆਪਦੇ ਝੰਡੇ ਤਲੇ ਔਂਦੇ ਗਏ। ਆਪ ਪਹਿਲੇ ਦੇਸ-ਭਗਤ ਸਨ ਜਿਨਾਂ ਨੇ ਅੰਗਰੇਜ਼ ਹਕੂਮਤ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਅਤੇ ਇੰਗਲਿਸਤਾਨੀਆਂ ਦੇ ਖਿਲਾਫ ਨਾਮਿਲਵਰਤਣ ਦਾ ਨਾਹਰਾ ਲਾਇਆ। ਮਹਾਤਮਾਂ ਗਾਂਧੀਨੇ ਆਪਣੀ ਜਿੰਦਗੀ ਵਿਚ ਜਿਹੜੀ ਅੰਗਰੇਜ-ਹਕੂਮਤ ਨਾਲ ਨਾਮਿਲਵਰਤਣ ਅਤੇ ਸ੍ਵਦੇਸ਼ੀ ਪਹਿਰਾਵੇਦੀ ਲਹਿਰ ਸ਼ੁਰੂ ਕੀਤੀ ਸੀ ਉਹ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਮਹਾਤਮਾ ਗਾਂਧੀ ਦੀ ਇਸ ਲਹਿਰ ਤੋਂ ਤਕਰੀਬਨ ਪੌਣੀ ਸਦੀ ਪਹਿਲਾਂ ਸ਼ੁਰੂ ਕਰਕੇ ਅੰਗਰੇਜੀ ਤਾਲੀਮ, ਅੰਗਰੇਜੀ ਅਦਾਲਤਾਂ, ਅੰਗਰੇਜਾਂ ਦੇ ਮੁਲਕ ਦੇ ਬਣੇ ਹੋਏ ਕਪੜੇ ਅਤੇ ਹੋਰ ਚੀਜਾਂ ਦਾ ਬਾਈਕਾਟ ਕਰਕੇ ਮੁਲਕ ਨੂੰ ਸਹੀ ਅਗਵਾਈ ਦਿਤੀ ਸੀ। ਇਸ ਬਾਈਕਾਟ ਵਿਚ ਰੇਲ, ਡਾਕ, ਅਤੇ ਬਦੇਸ਼ੀ ਹਕੂਮਤ ਦੀ ਨੌਕਰੀ ਭੀ ਸ਼ਾਮਲ ਸੀ।

ਇਹ ਬਦੇਸੀ ਹਕੂਮਤ ਨਾਲ ਨਾਂ ਮਿਲਵਰਤਣਦੀ ਲਹਿਰ ਬਿਲਕੁਲ ਖਾਮੋਸ਼ ਅਤੇ ਪੁਰਅਮਨ ਸੀ। ਨ ਕਿਸੇ ਲੀਡਰ ਦੇ ਜਲੂਸ ਨਿਕਲਦੇ ਸਨ, ਨ ਕਿਸੇ ਦੀਆਂ ਤਸਵੀਰਾਂ ਛਪਦੀਆਂ ਸਨ, ਨ ਕਿਸੇ ਦੇ ਨਾਂਮ ਦੇ ਜਿੰਦਾ ਬਾਦ ਦੇ ਨਾਅਰੇ ਲਗਦੇ ਸਨ। ਇਸ ਲਹਿਰ ਦੇ ਫੈਲਾਣ ਲਈ ਨ ਕੋਈ ਇਸ਼ਤਿਹਾਰ ਅਤੇ ਨ ਹੀ ਕੋਈ ਅਖਬਾਰਾਂ ਰਾਹੀਂ ਪ੍ਰਾਪੇਗੰਡਾ ਕੀਤਾ ਗਿਆ, ਸਗੋਂ ਕੰਨੋ ਕੰਨੀ ਹੀ ਇਹ ਮੂਵਮੈਂਟ ਸਾਰੇ ਪੰਜਾਬ ਵਿਚ ਭੜਕ ਪਈ। ਕੂਕੇ ਸਿੰਘਾਂ ਦੇ ਹਰ ਇਕ ਇਲਾਕੇ ਵਿਚ ਆਪਣਾ ਸੂਬਾ ਅਤੇ ਇਨਸਾਫ ਲਈ ਆਪਣੀਆਂ ਅਦਾਲਤਾਂ ਸਨ। ਅੰਗਰੇਜ ਦੀ ਨੀਂਦ ਹਰਾਮ ਹੋ ਗਈ। ਇਸ ਲਹਿਰ ਨੇ ਜਿਥੇ ਵਤਨ ਦੀ

Sri Satguru Jagjit Singh Ji Elibrary NamdhariElibrary@gmail.com

ਅਜਾਦੀ ਰੂਪੀ ਸ਼ਮ੍ਹਾਂ ਆਪਣਾ ਆਪ ਕੁਰਬਾਨ ਕਰਨ ਵਾਲੇ ਪ੍ਰਵਾਨਿਆਂ ਨੂੰ ਜਨਮ ਦਿਤਾ, ਉਥੇ ਨਾਲ ਹੀ ਇਸ ਲਹਿਰ ਨੂੰ ਖਤਮ ਕਰਨ ਵਾਲੇ ਅੰਗਰੇਜੀ ਹਕੂਮਤ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਲੇ ਕਈ ਜੈ ਚੰਦ ਵੀ ਪੈਦਾ ਹੋ ਗਏ।

ਅੰਗਰੇਜਾਂਦੇ ਝੋਲੀ ਚੁਕਾਂ ਨੇ ਆਪਣੇ ਇਨਾਂ ਮਾਲਕਾਂ ਨੂੰ ਖੁਸ਼ ਕਰਨ ਲਈ, ਸਤਿਗੁਰੂ ਰਾਮ ਸਿੰਘ ਅਤੇ ਇਨਾਂ ਦੇ ਸਿੰਘਾਂ ਦੇ ਖਿਲਾਫ ਝੂਠੀਆਂ ਬੇਬੁਨਿਆਦ ਅਤੇ ਬਹੁਤ ਵਧਾ ਚੜ੍ਹਾ ਕੇ ਗਲਾਂ ਕਹਿਣੀਆਂ ਸ਼ੁਰੂ ਕਰ ਦਿਤੀਆਂ, ਏਥੋਂ ਤਕ ਕਿ ਮੁਖਬਰਾਂ ਨੇ ਰੀਪੋਰਟ ਕੀਤੀ ਕਿ ਭੈਣੀ ਸਾਹਿਬ ਕੂਕਿਆਂ ਦੇ ਗੁਰੂਦੀ ਨਿਗਰਾਨੀ ਵਿਚ ਬਹੁਤਸਾਰੀਆਂ ਤੋਪਾਂ, ਗੋਲਾ ਬਰੂਦ ਅਤੇ ਬੰਦੂਕਾਂ ਬਣਾਈਆਂ ਜਾਂਦੀਆਂ ਹਨ ਅਤੇ ਇਹ ਸਭ ਕੁਛ ਅੰਗਰੇਜਾਂਦੇ ਖਿਲਾਫ ਜੰਗ ਲੜਨ ਲਈ ਤਿਆਰ ਕੀਤਾ ਜਾ ਰਿਹਾ ਹੈ। ਹਕੂਮਤ ਨੇ ਬਹੁਤ ਸਾਰੇ ਜਸੂਸ ਭੈਣੀ ਸਾਹਿਬ ਭੇਜ ਦਿਤੇ ਅਤੇ ਮਹਾਰਾਜ ਰਾਮ ਸਿੰਘ ਜੀ ਤੇ ਕਰੜੀ ਨਿਗਰਾਨੀ ਰਖਣੀ ਸ਼ੁਰੂ ਕਰ ਦਿਤੀ। ਇਕ ਦਿਨ ਪੰਜਾਬ ਦਾ ਅੰਗਰੇਜ ਗਵਰਨਰ ਅਚਾਨਕ ਭੈਣੀ ਸਾਹਿਬ ਆ ਗਿਆ ਤਾਂ ਕਿ ਏਥੇ ਅਪਣੇ ਜਸੂਸਾਂ ਦੀ ਇਤਲਾਹ ਮੁਤਾਬਕ ਗੋਲਾ ਬਾਰੂਦ ਬਣੌਣ ਦੀਆਂ ਫੈਕਟਰੀਆਂ ਦੇਖ ਸਕੇ, ਪਰ ਜਦ ਉਸਨੂੰ ਥੋੜੇ ਜਹੇ ਕਚੇ ਕੋਠਿਆਂ ਅਤੇ ਕੁਝ ਸਫੈਦ ਕਪੜੇ ਪਹਿਨੀ ਹਥਾਂ ਵਿਚ ਅਠੋਤਰੀਆਂ ਮਾਲਾ ਲਈ ਫਿਰਦੇ ਸੰਤਾਂ ਤੋਂ ਸਿਵਾ ਕੁਝ ਨ ਦਿਸਿਆ ਤਾਂ ਉਹ ਹੈਰਾਨ ਜਿਹਾ ਹੋਕੇ ਏਧਰ ਉਧਰ ਵੇਖਣ ਲਗ ਪਿਆ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਗਵਰਨਰ ਨੂੰ ਹੈਰਾਨੀ ਦੀ ਹਾਲਤ ਵਿਚ ਦੇਖਕੇ ਪੁਛਿਆ "ਤੁਸੀ ਕਿਸ ਚੀਜ ਦੀ ਢੂੰਡ ਕਰ ਰਹੇ ਹੋ।"

ਗਵਰਨਰ ਨੇ ਉਤਰ ਦਿਤਾ ਸਾਨੂੰ ਦੱਸਿਆ ਗਿਆ ਹੈ ਕਿ ਤੁਸੀਂ ਏਥੇ ਤੋਪਾਂ ਤੇ ਗੋਲਾ ਬਾਰੂਦ ਤਿਆਰ ਕਰਦੇ ਹੋ ਅਤੇ ਨਾਲ ਹੀ ਇਹ ਭੀ ਪਤਾ ਲੱਗਾ ਹੈ ਕਿ ਤੁਸੀ ਲੋਗ ਝੂਠ ਨਹੀਂ ਬੋਲਦੇ। ਕੀ ਤੁਸੀਂ ਜੰਗੀ ਸਮਾਨ ਤਿਆਰ ਕਰਨ ਵਾਲੀਆਂ ਅਪਣੀਆਂ ਫੈਕਟਰੀਆਂ ਸਾਨੂੰ ਵਿਖਾ ਸਕਦੇ ਹੋ।

"ਸਾਡੇ ਪਾਸ ਇਹੋ ਜਹੀਆਂ ਤੋਪਾਂ ਹਨ ਜਿਸ ਵਿਚ ਇਕ ਸੌ ਅੱਠ ਗੋਲੇ ਪੈਂਦੇ ਹਨ ਅਤੇ ਜਿਸਦਾ ਕੋਈ ਵਾਰ ਭੀ ਖਾਲੀ ਨਹੀਂ ਜਾਂਦਾ" ਸਤਿਗੁਰੂ ਰਾਮ ਸਿੰਘ ਜੀ ਨੇ ਮੁਸਕ੍ਰਾਂਦਿਆਂ ਹੋਯਾਂ ਗਵਰਨਰ ਨੂੰ ਉਤਰ ਦਿਤਾ।

ਅੰਗਰੇਜ ਗਵਰਨਰ ਨੇ ਗੋਲੇ ਵਾਲੀਆਂ ਤੋਪਾਂ ਤਾਂ ਦੇਖੀਆਂ ਸਨ ਪਰ ਇਕਠੇ ਇਕ ਸੌ ਅਠ ਗੋਲਿਆਂ ਵਾਲੀ ਤੋਪ ਦੇਖੀ ਤਾਂ ਕੀ ਕਦੇ ਸੁਣੀ ਭੀ ਨਹੀਂ ਸੀ ਇਸ ਲਈ ਹੈਰਾਨੀ ਜਹੀ ਦੀ ਦਸ਼ਾ ਵਿਚ ਉਸਨੇ ਇਸ ਤੋਪ ਨੂੰ ਵੇਖਣ ਦੀ ਇਛਾ ਪ੍ਰਗਟ ਕੀਤੀ, ਸਤਿਗੁਰੂ ਰਾਮ ਸਿੰਘ ਜੀ ਨੇ ਅਪਣੇ ਗਲ ਵਿਚੋਂ ਇਕ ਸੌ ਅਠ ਮਣਕਿਆਂ ਵਾਲੀ ਉਨ ਦੀ ਬਣੀ ਹੋਈ ਸਫੈਦ ਮਾਲਾ ਲਾਹਕੇ ਗਵਰਨਰ ਨੂੰ ਕਿਹਾ "ਇਹ ਹੈ ਇਕ ਸੌ ਅਠ ਗੋਲਿਆਂ ਵਾਲੀ ਤੋਪ ਜਿਸਦਾ ਵਾਰ ਕਦੇ ਖਾਲੀ ਨਹੀਂ

Sri Satguru Jagjit Singh Ji Elibrary NamdhariElibrary@gmail.com

ਜਾਂਦਾ ਅਤੇ ਜਿਸਦੇ ਭਗਤੀ ਰੂਪੀ ਗੋਲਿਆਂ ਨਾਲ ਭਗਵਾਨ ਦਾ ਆਸਣ ਭੀ ਹਿਲ ਜਾਂਦਾ ਹੈ।"[2] ਗਵਰਨਰ ਇਹ ਸੁਣ ਕਚਾ ਜਿਹਾ ਹੋ ਕੇ ਵਾਪਸ ਚਲ਼ਾ ਗਿਆ। ਪਰ ਬਜਾਇ ਇਸਦੇ ਕਿ ਉਸਨੂੰ ਕੂਕਿਆਂ ਬਾਰੇ ਪਏ ਭੁਲੇਖੇ ਦੂਰ ਹੁੰਦੇ, ਸਰਕਾਰ ਨੇ ਸਗੋਂ ਇਨਾਂ ਤੇ ਹੋਰ ਕਰੜੀਆਂ ਪਾਬੰਦੀਆਂ ਲਾਗੂ ਕਰ ਦਿਤੀਆਂ।

ਪਰ ਇਹਨਾਂ ਪਾਬੰਦੀਆਂ ਦੇ ਬਾਵਜੂਦ ਵੀ ਕਿਸਤਰਾਂ ਗੁਰੂ ਰਾਮ ਸਿੰਘ ਜੀ ਅਤੇ ਇਨਾਂ ਦੇ ਪੈਰੋਕਾਰਾਂ ਨੇ ਆਪਣੀਆਂ ਬੇਬਹਾ ਕੁਰਬਾਨੀਆਂ ਸਦਕਾ ਦੇਸ਼ ਦੀ ਅਜਾਦੀ ਨੂੰ ਨੇੜੇ ਲਿਆਂਦਾ। ਕਿਸਤਰਾਂ ਦੇਸ਼ ਭਗਤੀ ਦੇ ਨਸ਼ੇ ਵਿਚ ਮਸਤ ਮਤਵਾਲੇ ਕੂਕਿਆਂ ਨੇ ਅੰਮਰਤਸਰ ਅਤੇ ਰਾਏਕੋਟ ਅਤੇ ਮਲੇਰ ਕੋਟਲੇ ਆਦਿ ਥਾਵਾਂ ਤੇ ਗਊ ਗਰੀਬ ਦੀ ਰਖਿਆ ਹਿਤ ਜਾਲਮਾਂ ਦੀ ਸੁਧਾਈ ਕਰਕੇ ਖੁਸ਼ੀ ੨ ਫਾਂਸੀ ਦੇ ਰਸਿਆਂ ਨੂੰ ਚੁੰਮਕੇ ਆਪਨੇ ਹਥੀਂ ਆਪਣਿਆਂ ਗਲਾਂ ਵਿਚ ਪਾਇਆ ਅਤੇ ਤੋਪਾਂ ਦੇ ਗੋਲਿਆਂ ਨਾਲ ਟੂੰਬਾ ੨ ਹੋਕੇ ਉਡ ਗਏ। ਕਿਸ ਤਰਾਂ ਸਤਿਗੁਰੂ ਰਾਮ ਸਿੰਘ ਨੂੰ ਪੰਜਾਬ ਦੇ ਰਾਜੇ ਮਹਾਰਾਜਿਆਂ ਦੇ ਜ਼ੋਰ ਦੇਣ ਤੇ ਪੰਜਾਬ ਵਿਚੋਂ [illegible] ਰੰਗੂਨ ਵਿਚ ਇਸ ਤ੍ਰਾਟੀਖੀ ਬੰਗਲੇ ਵਿਚ ਨਜ਼ਰਬੰਦ ਕੀਤਾ ਗਿਆ ਜਿਥੇ ਕਿ ਹਿੰਦੁਸਤਾਨ ਦੇ ਆਖਰੀ ਬਾਦਸ਼ਾਹ ਬਹਾਦਰਸ਼ਾਹ ਨੂੰ ਆਪਣੀ ਜਿੰਦਗੀ ਦੇ ਅਖੀਰੀ ਬੁਰੇ ਦਿਨ ਕਟਣੇ ਪਏ ਸਨ। ਕਿਸਤਰਾਂ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨਾਂ ਦੇ ਭੌਰੇ ਹਜ਼ੂਰ ਦੀ ਨਜ਼ਰਬੰਦੀ ਦੇ ਦੌਰਾਨ ਲਗੇ ਕਰੜੇ ਪਹਿਰਿਆਂ ਦੇ ਬਾਵਜੂਦ— ਪੰਜਾਬ ਤੋਂ ਰੰਗੂਨ ਪਹੁੰਚਕੇ, ਚਰਣ ਪਰਸਕੇ ਹਜ਼ੂਰ ਦੇ ਹੁਕਮਨਾਮੇ ਲਿਔਂਦੇ ਰਹੇ। ਕਿਸਤਰਾਂ ਰੂਸ, ਨਿਪਾਲ ਅਤੇ ਕਾਬਲ ਆਦ ਗਵਾਂਢੀ ਦੇਸਾਂ ਦੇ ਹੁਕਮਰਾਨਾ ਪਾਸੋਂ, ਭਾਰਤ ਵਿਚੋਂ ਅੰਗਰੇਜ਼ ਹਕੂਮਤ ਦਾ ਬੋਰੀ ਬਿਸਤਰਾ ਗੋਲ ਕਰਨ ਹਿਤ ਮਦਦ ਲੈਣ ਹਿਤ ਜਤਨ ਹੁੰਦੇ ਰਹੇ। ਇਹ ਸਭ ਇਤਿਹਾਸ ਵਿਚ ਸੁਨਹਿਰੀ ਅਖਰਾਂ 'ਚ ਲਿਖਣ ਯੋਗ ਸਦਾ-ਸਥਿਰ ਰਹਿਣ ਵਾਲੀ ਅਮਰ-ਕਹਾਣੀ ਹੈ ਜੋ ਕਿ ਇਸ ਛੋਟੇ ਜਹੇ ਲੇਖ ਦਾ ਵਿਸ਼ਾ ਨਹੀਂ ਹੈ। ਵਿਸਥਾਰ ਨਾਲ ਕਿਤੇ ਫਿਰ ਲਿਖਣ ਦਾ ਯਤਨ ਕੀਤਾ ਜਾਵੇਗਾ। ਇਨਾਂ ਅਖਰਾਂ ਨਾਲ ਹੀ ਅਜ ਬਸੰਤ-ਪੰਚਮੀ ਦੇ ਅਵਤਾਰ ਨੂੰ ਮੈਂ ਕਰੋੜਾਂ ਵਾਰ ਪ੍ਰਨਾਮ ਕਰਦਾ ਹਾਂ।



Sri Satguru Jagjit Singh Ji Elibrary NamdhariElibrary@gmail.com

ਕਹਾਣੀ:—

ਪਛਤਾਵਾ

ਆਤਮਾ ਸਿੰਘ ਸਨਖਤਰਵੀ

ਭਲੀਏ ਲੋਕੇ! —ਅਜ ਮੇਰਾ ਦਿਲ ਦੀਵਾਨ ਦਾ ਰਸ ਵਿਚੇ ਛਡਕੇ ਘਰ ਔਣ ਨੂੰ ਨਹੀਂ ਸੀ ਕਰਦਾ। ਸੰਤ ਟਹਿਲ ਸਿੰਘ ਜੀ ਸਦੋਵਾਲੀਏ ਬਸੰਤ ਦੇ ਸਬੰਧ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਜਦ ਪੰਚਮ ਦੀ ਸੁਰ ਤੇ ਵੈਰਾਗ ਭਰੀ ਅਵਾਜ ਨਾਲ—

ਪਰਉਪਕਾਰੀ ਆਏ ਜਨਪਰਉਪਕਾਰੀਆਏ

ਸ਼ਬਦ ਦੀ ਟੇਕ ਲੰਮੀ ਹੇਕ ਨਾਲ ਜੋਟੀਆਂ ਦੀ ਤਰਜ ਤੇ ਪੜਦੇ ਤਾਂ ਦੀਵਾਨ ਵਿਚ ਬੈਠੇ ਸੈਂਕੜੇ ਸਰੋਤੇ ਹੀ ਇਹ ਧਾਰਨਾ ਪੜਦੇ ਪੜਦੇ ਮਸਤੀ ਵਿਚ ਝੂਮਨ ਲਗ ਪੈਂਦੇ। ਅਰ ਫਿਰ ਜਦ ਸੰਤ ਜੀ ਸਤਿਗੁਰੂ ਚੀਨੀ ਵਾਲੇ ਦੇ ਉਪਕਾਰ (ਜੋ ਉਹਨਾਂ ਸਿਖ ਪੰਥ ਤੇ ਭਾਰਤੀ ਲੋਕਾਂ ਉਤੇ ਕੀਤੇ) ਮਿਠੀ ਮਿਠੀ ਅਵਾਜ ਨਾਲ ਕਥਾ ਦੁਆਰਾ ਦਸਦੇ, ਤਾਂ ਇੰਵ ਪ੍ਰਤੀਤ ਹੁੰਦਾ, ਜਿਵੇਂ ਉਹ ਅਜ ਬਸੰਤ ਦੇ ਦਿਨ ਗੋਟੇ ਦੇ ਬਸੰਤੀ ਫੁਲਾਂ ਦੇ ਹਾਰ ਗੁੰਦ ਗੁੰਦ ਕੇ ਸਰੋਤਿਆਂ ਦੇ ਕੰਠਾਂ ਵਿਚ ਪਾ ਰਹੇ ਹਨ।

ਕਦੇ ਕਦੇ ਸੰਤਾਂ ਦੀ ਕਥਾ ਤੋਂ ਮਸਤ ਹੋਕੇ ਸੰਤ ਸੁੰਦਰ ਸਿੰਘ ਰਤੀਆਂ ਵਾਲੇ ਸੰਤ ਝੰਡਾ ਸਿੰਘ ਜੀ ਭਾਜੂ ਖਾਰੇ ਵਾਲੇ ਮਹੰਤ ਬੇਲਾ ਸਿੰਘ ਵੈਰਾਗ ਦੀ ਹੂਕ ਮਾਰਦੇ ਤਾਂ ਸਾਰੇ ਸਰੋਤੇ ਹੀ ਇਕ ਦਮ ਵੈਰਾਗ ਦੀ ਹਾਲਤ ਵਿਚ ਹੋ ਜਾਂਦੇ।

ਫਿਰ ਏਹੋ ਜਿਹੇ ਰੰਗ ਵਿਚੋਂ ਭੋਗ ਪੈਣ ਤੋਂ ਪਹਿਲਾਂ ਉਠ ਔਣਾ ਅਪਣੇ ਆਪ ਨੂੰ ਪਛੋਤਾਵਾ ਨਹੀਂ ਲੌਣਾ ਤਾਂ ਹੋਰ ਕੀ ਹੈ?

Sri Satguru Jagjit Singh Ji Elibrary NamdhariElibrary@gmail.com

ਉਪ੍ਰੋਕਤ ਗਲਾਂ ਸਨਖਤ੍ਰੇ ਦੇਇਕ ਨਰਿੰਦਰ ਸਿੰਘ ਨਾਮੀ ਸਿੰਘ ਨੇ ਬਸੰਤ ਪੰਚਮੀ ਵਾਲੇ ਦਿਨ ਨਾਮਧਾਰੀ ਧਰਮਸ਼ਾਲਾ ਸਨਖਤ੍ਰੇ ਵਿਚ ਲਗੇ ਹੋਏ ਰਾਤਦੇ ਦੀਵਾਨ ਵਿਚੋਂ ਭੋਗ ਪੈਣ ਤੋਂ ਪਹਿਲਾਂ ਤੁਰ ਜਾਣ ਕਾਰਨ ਅਪਣੇ ਘਰ ਜਾਕੇ ਅਪਣੀ ਧਰਮ ਪਤਨੀ ਬੀਬੀ ਹਰਪਾਲ ਕੌਰ ਨਾਲ ਜਾਕੇ ਬੜੀ ਬੇ-ਸਬਰੀ ਜਿਹੀ ਨਾਲ ਕੀਤੀਆਂ।

ਸੰਤ ਜੀ!—ਜੇ ਸਚ ਮੁਚ ਉਥੇ ਇਹੋ ਜਿਹਾ ਸਵਾਦ ਬਣਿਆ ਹੋਇਆ ਸੀ ਤਾਂ ਭੋਗ ਪੈ ਜਾਣ ਤੋਂ ਬਾਦ ਆ ਜਾਣਾ ਸੀ। ਬੜੀ ਗਲ ਸੀ ਹੋਰ ਦੋ ਘੰਟੇ ਲਗ ਜਾਂਦੇ ਮੈਂ ਭਾਵੇਂ ਬਚੇ ਨੂੰ ਠੰਢ ਲਗਣ ਦੇ ਖਿਆਲ ਨਾਲ ਸਰਦੀ ਵਿਚ ਗੁਰਦੁਆਰੇ ਤਾਂ ਨਹੀਂ ਸਾਂ ਜਾ ਸਕੀ ਪਰ ਦਿਲੋਂ ਸੰਗਤ ਵਿਚ ਹੀ ਰਹੀ ਹਾਂ ਤੇ ਹਥਾਂ ਨਾਲ ਚਾਹੇ ਮੈਂ ਸਵੈਟਰ ਹੀ ਉਣਦੀ ਰਹੀ ਹਾਂ ਪਰ ਭਜਨ ਵਲੋਂ ਮੈਂ ਜੀਭ ਨਹੀਂ ਖਲੋਣ ਦਿਤੀ। ਅਰ ਏਹੋ ਵਜਾ ਹੈ ਕਿ ਮੈਨੂੰ ਹੁਣ ਤਕ ਰਤਾਭਰ ਵੀ ਆਲਸ ਨਹੀਂ ਆਇਆ ਅਤੇ ਕਾਕਾ ਵੀ ਨਹੀਂ ਰੋਇਆ।

ਬੀਬੀ ਹਰਪਾਲ ਕੌਰ ਨੇ ਅਪਣੇ ਪਤੀ ਦੇਵ ਨੂੰ ਬੜੇ ਨਰਮੀ ਨਾਲ ਅਪਣੇ ਮੰਜੇ ਤੇ ਬੈਠਿਆਂ ਜਵਾਬ ਦਿਤਾ। ਇਤਨੇ ਨੂੰ ਨਰਿੰਦਰ ਸਿੰਘ ਵੀ ਅਪਣੇ ਬਿਸਤਰੇ ਤੇ ਬੈਠ ਗਿਆ, ਅਤੇ ਆਖਣ ਲਗਾ ਕਿ ਦੀਵਾਨ ਵਿਚ ਬੈਠਿਆਂ ਮੈਨੂੰ ਐਵੇਂ ਹੀ ਖਿਆਲ ਆ ਗਿਆ ਕਿ ਮੈਂ ਤਾਂ ਦੀਵਾਨ ਸੁਣ ਰਿਹਾ ਹਾਂ। ਪਰ ਘਰ ਪਤਾ ਨਹੀਂ ਉਹ (ਪਤਨੀ) ਉਡੀਕ ਕਰਦੀ ਕਿਤਨੀ ਕੁ ਔਖੀ ਹੁੰਦੀ ਹੋਵੇਗੀ, ਸਿਆਲ ਦੀਆਂ ਰਾਤਾਂ ਹਨ। ਸਾਰੇ ਲੋਕ ਆਪੋ ਅਪਣੇ ਘਰਾਂ ਅੰਦਰ ਕੁੰਡੇ ਮਾਰਕੇ ਸੁਤੇ ਹੋਏ ਹਨ। ਇਹੋ ਜਿਹੀਆਂ ਸੋਚਾਂ ਸੋਚ ਮੈਂ ਦੀਵਾਨ ਵਿਚੋਂ ਉਠ ਆਇਆ। ਜੇ ਮੈਂਨੂੰ ਪਤਾ ਹੁੰਦਾ ਕਿ ਤੂੰ ਵੀ ਏਥੇ ਭਜਨ ਵਿਚ ਮਸਤ ਬੈਠੀ ਹੈਂ, ਤਾਂ ਮੈਂ ਕਾਹਨੂੰ ਅਜੇ ਔਣਾ ਸੀ।

ਪਤਨੀ—ਅਛਾ ਹੁਣ ਇਹ ਗਲਾਂ ਤਾਂ ਹੋਈਆਂ ਕਿ ਤੁਸੀਂ ਦੀਵਾਨ ਦੇ ਅਧ ਵਾਟਿਓਂ ਹੀ ਆ ਗਏ, ਚਲੋ ਚੰਗਾ ਹੋਇਆ ਪਰ ਕੋਈ ਸਤਿਗੁਰਾਂ ਦਾ ਬਚਨ ਤੁਸੀਂ ਸੁਣਾਓ ਤੇ ਮੈਂ ਸੁਣਦੀ ਹਾਂ ਕਿ ਅਜ ਬਸੰਤ ਪੰਚਮੀ ਦਾ ਪੁਰਬ ਹੈ। ਜਿਥੇ ਬਹੁਤ ਸਾਰੇ ਸਤਿਸੰਗੀ ਗੁਰਦਵਾਰਿਆਂ ਵਿਚ ਜਾਕੇ ਸਤਿਸੰਗ ਦੀਆਂ ਮੌਜਾਂ ਮਾਣ ਰਹੇ ਹਨ ਅਰ ਚੀਨੀ ਵਾਲੇ ਸਤਿਗੁਰੂ ਦਾ ਗੁਣਾਨਵਾਦ ਗਾ ਤੇ ਸੁਣ ਰਹੇ ਹਨ, ਉਥੇ ਤੁਹਾਡੇ ਆ ਜਾਣ ਕਾਰਨ ਅਸੀਂ ਘਰ ਬੈਠੇ ਹੀ ਜਿਤਨਾ ਕੁ ਸਮਾਂ ਉਸ ਪ੍ਰੀਤਮ ਦੀ ਯਾਦ ਵਿਚ ਬਤੀਤ ਹੋ ਸਕੇ। ਸਤਿਗੁਰਾਂ ਦੇ ਬਚਨ ਬਿਲਾਸ ਕਰ ਲਈਏ।

ਪਤੀ—ਬੜੀ ਚੰਗੀ ਗਲ ਹੈ ਭਾਗਾਂ ਵਾਲੀਏ ਜੇ ਅਜ ਕੁਝ ਸਮਾਂ ਇਸ-ਤਰਾ ਗੁਰੂ ਘਰ ਦੇ ਬਚਨ ਬਿਲਾਸ ਕਰ-ਦਿਆਂ ਬੀਤ ਜਾਵੇ ਤਾਂ ਹੋਰ [illegible]ੀਦਾ ਹੈ। ਪਰ ਜਿਤਨਾ ਚਿਰ ਕੋਈ ਕੁਝ ਪੁਛੇ

Sri Satguru Jagjit Singh Ji Elibrary NamdhariElibrary@gmail.com

ਨਾ ਉਤਨਾ ਚਿਰ ਕਿਸੇ ਗਲ ਕਰਨ ਦਾ ਅਨੰਦ ਨਹੀਂ ਔਂਦਾ। ਇਸ ਵਾਸਤੇ ਤੂੰ ਸਤਿਗੁਰਾਂ ਦੀ ਗਲ ਪੁਛ, ਇਸਤਰਾਂ ਨਾਲੇ ਤੇਰਾ ਪੂਰਾ ਧਿਆਨ ਬਚਨ ਸੁਣਨ ਵਿਚ ਲਗ ਜਾਵੇਗਾ ਅਰ ਨਾਲੇ ਮੈਨੂੰ ਕੋਈ ਗਲ ਦਸਣ ਦਾ ਨਿਸ਼ਾਨਾ ਮਿਲ ਪਵੇਗਾ।

ਪਤਨੀ—ਲਓ ਫਿਰ ਦਸੋ? ਸਤਿਗੁਰ ਪ੍ਰਦੇਸ ਕਿਓਂ ਗਏ ਸਨ? ਅਤੇ ਹੁਣ ਦੇਸ ਕਦੋਂ ਦਰਸ਼ਨ ਦੇਣਗੇ? ਤੇ ਸਾਨੂੰ ਸਤਿਗੁਰਾਂ ਨਾਲ ਕਿਵੇਂ ਪ੍ਰੇਮ ਕਰਨਾ ਚਾਹੀਦਾ ਹੈ?

ਪਤੀ— ਭਲੀਏ ਲੋਕੇ! ਜਿਹੜੀਆਂ ਇਹ ਤਿੰਨ ਗਲਾਂ ਤੂੰ ਪੁਛੀਆਂ ਹਨ॥ ਪਤਾ ਨਹੀਂ ਇਹ ਕਦੋਂ ਦੀਆਂ ਤੂੰ ਸੋਚ ਰਖੀਆਂ ਹਨ। ਇਹ ਤਾਂ ਤੂੰ ਪੁਰਾਣੇ ਕੂਕਿਆਂ ਵਾਲੀਆਂ ਗਲਾਂ ਪੁਛ ਘਤੀਆਂ ਹਨ, ਮੈਂ ਤਾਂ ਤੈਨੂੰ ਇਤਨੀ ਸਿਆਣੀ ਨਹੀਂ ਸਾਂ ਜਾਣਦਾ ਪਰ ਤੂੰ ਤਾਂ ਕਮਾਲ ਕਰ ਦਿਤਾ ਹੈ।

ਭਾਗਾਂ ਵਾਲੀਏ! ਇਹਨਾਂ ਤਿੰਨਾਂ ਗਲਾਂ ਵਿਚ ਹੀ ਨਾਮਧਾਰੀ ਇਤਹਾਸ ਇਤਨਾ ਛੁਪਿਆ ਹੋਇਆ ਹੈ ਜਿਤਨਾਂ ਸ਼ਾਇਦ ਅਜੇ ਪ੍ਰਕਾਸ਼ਤ ਹੀ ਨ ਹੋ ਸਕਿਆ ਹੋਵੇ। ਪਰ ਜਿਨਾਂ ਕੁ ਲਿਖਿਆ ਹੋਇਆ ਵੀ ਹੈ ਉਤਨਾ ਕੁ ਸੁਨਾਉਣਾ ਕੇਹੜਾ ਸੌਖਾ ਹੈ ਪਰ ਫਿਰ ਵੀ ਮੈਂ ਜਤਨ ਕਰਾਂਗਾ ਕਿ ਨਮੂਨੇ ਮਾਤ੍ਰ ਮੈਂ ਤੈਨੂੰ ਤਿੰਨਾ ਗਲਾਂ ਬਾਬਤ ਸਭੀ ਸਹੀ ਦਸ ਸਕਾਂ। ਸਭਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਅਪਨੇ ਸਤ ਮਾਰਗੀ ਮਿਸ਼ਨ ਦਾ ਪ੍ਰਚਾਰ ਕਰਨ ਵਾਸਤੇ ਦੇਸ਼ਾਂ ਦੇਸ਼ਾਂਤਰਾਂ ਟਾਪੂਆਂ ਪਹਾੜ ਤੇ ਜੰਗਲਾਂ ਦਾ ਰਟਨ ਕੀਤਾ। ਤਾਂ ਸਤਿਗੁਰੂ ਰਾਮ ਸਿੰਘ ਜੀ ਉਨਾਂ ਅਗਿਆਤ ਥਾਵਾਂ ਵਿਚ ਜਾਣ ਦਾ ਉਸ ਵਕਤ ਤੋਂ ਹੀ ਪ੍ਰੋਗ੍ਰਾਮ ਬਣਾ ਆਏ ਹੋਏ ਸਨ। ਫਿਰ ਇਸ ਪ੍ਰੋਗਰਾਮ ਨੂੰ ਅਮਲ ਵਿਚ ਲਿਔਣ ਦਾ ਜੋ ਬਹਾਨਾ ਬਣਿਆ ਉਹ ਭਾਵੇਂ ਉਹੋ ਹੀ ਸੀ। ਜੋ ਮੇਰੇ ਰਾਮ ਨੇ ਪਹਿਲਾਂ ਹੀ ਰਚ ਕੇ ਰਖਿਆ ਸੀ ਕਿ—

ਹੋਵੈ ਸੋ ਜੋ ਰਾਮ ਰਚ ਰਾਖਾ

ਪਰ ਬਹਾਨੇ ਵਜੋਂ ਸ੍ਰੀ ਗੁਰੂ ਜੀ ਨੇ ਸੰਮਤ ੧੯੧੪ ਤੋਂ ਸ੍ਰੀ ਭੈਣੀ ਸਾਹਿਬ ਤੋਂ ਜੋ ਸਿਖ ਪੰਥ ਦੀ ਸਿਖ ਰਾਜ ਤੋਂ ਬਾਦ ਨਿਘਰਚੁਕੀ ਹੋਈ ਹਾਲਤ ਨੂੰ ਸੁਧਾਰਨ ਵਾਸਤੇ ਜੋ ਪ੍ਰਚਾਰ ਅਰੰਭ ਕੀਤਾ ਉਸ ਨੂੰ ਗ੍ਰਹਿਣ ਕਰਨ ਵਾਲੇ ਮਨੁਖਾਂ ਨੂੰ ਜਿਥੇ ਗੁਰੂ ਜੀ ਨੇ ਸੰਤ ਖਾਲਸੇ ਦਾ ਤੇ ਨਾਮਧਾਰੀਆਂ ਦੇ ਨਾਮ ਨਾਲ ਸੰਬੋਧਨ ਕੀਤਾ, ਉਥੇ ਜਿਨਾਂ ਸਿਖ ਸਰਦਾਰਾਂ ਨੂੰ ਸਤਿਗੁਰਾਂ ਦਾ ਇਹ ਗੁਰਮਤ ਵਾਲਾ ਪ੍ਰੋਗ੍ਰਾਮ ਚੰਗਾ ਨਾ ਲਗਦਾ, ਉਨਾਂ ਨੇ ਇਹਨਾਂ ਰਹਿਤ ਬਹਿਤ ਰਖਨ ਵਾਲੇ ਸਿੰਘਾਂ ਦਾ ਨਾਮ ਕੂਕੇ ਰਖਿਆ। ਜਿਥੇ ਜਿਵੇਂ ਕਰ ਸਤਿਗੁਰਾਂ ਦੇ ਦਰਸ਼ਨਾ ਦੀ ਕਸ਼ਸ਼ ਤੇ ਉਪਦੇਸ਼ ਦੇ ਪ੍ਰਭਾਵ ਨਾਲ ਪੰਜਾਬ ਵਿਚ ਲਖਾਂ ਮਨੁਖਾਂ ਨਾਮਧਾਰੀ ਬਣ ਗਏ। ਉਥੇ ਤਿਵੇਂ ਕਰ ਸਿਖ ਰਿਆਸਤਾਂ ਦੇ ਮਹਾਰਾਜੇ ਤੇ ਜਗੀਰਦਾਰ, ਸਰਦਾਰ, ਅਰ ਗੁਰਦਵਾਰਿਆਂ ਦੇ ਪੁਜਾਰੀ ਸਣੇ ਬ੍ਰਾਹਮਣਾਂ ਤੇ ਪੀਰ ਮੁਰੀਦੀਏ ਕਬਰ ਪੂਜਣ ਵਾਲੇ ਲੋਕਾਂ ਅੰਦਰ ਆਪਣੀਆਂ ਦੁਕਾਨਦਾਰੀਆਂ ਬੰਦ ਹੋ ਜਾਣ ਦੇ ਡਰ ਤੋਂ

Sri Satguru Jagjit Singh Ji Elibrary NamdhariElibrary@gmail.com

ਗੁਰੂ ਜੀ ਵਾਸਤੇ ਈਰਖਾ ਦੀ ਅਗ ਵਧਣੀ ਸ਼ੁਰੂ ਹੋ ਗਈ ਤੇ ਸਗੋਂ ਗੁਰਦਵਾਰਿਆਂ ਦੇ ਕਈਆਂ ਪੁਜਾਰੀਆਂ ਨੇ ਇਹ ਫਤਵੇਲਿਖਕੇ ਪੰਜਾਬ ਵਿਚ ਫੇਰ ਦਿਤੇ ਕਿ —(ਗੁਰੂ ਰਾਮ ਸਿੰਘ ਨਾ ਆਪ ਸਿਖ ਹੈ ਨਾ ਉਸਦੇ ਚੇਲੇ ਸਿਖ ਹਨ, ਇਹ ਲੋਕਾਂ ਨੂੰ ਮੁਸਲਮਾਨੀ ਕਲਾਮ ਦਸਦਾ ਹੈ।

ਪਤਨੀ— ਨਿਖੁਟੇ ਨਾ ਹੋਣ ! ਹੈਂ ਵੇਖੋ ਜੀ ! ਉਨਾਂ ਗਇਆਂ ਗਵਾਤਿਆਂ ਨੂੰ ਇਹ ਗਲ ਆਖਦਿਆਂ ਸ਼ਰਮ ਨ ਆਈ, ਕਿ ਅਸੀਂ ਗੁਰੂ ਨਾਨਕ ਦੇ ਨਾਮ ਨੂੰ ਮੁਸਲ-ਮਾਨੀ ਕਲਾਮ ਆਖਦੇ ਹਾਂ। ਰੁੜ ਜਾਣੇ ਨਾ ਹੋਣ ! ਹਛਾ ਫੇਰ।

ਪਤੀ— ਜਦੋਂ ਕਿਸੇ ਆਦਮੀ ਨੂੰ ਈਰਖਾ ਦੀ ਅਗ ਲਗ ਜਾਵੇ। ਫਿਰ ਬਵਲਾ ਹੋ ਜਾਂਦਾ ਹੈ ਇਸ ਵਾਸਤੇ ਜਿਥੇ ਇਹ ਨਾ ਪੰਜਾਬ ਦੇ ਰਜਵਾੜੇ ਸ਼ਾਹੀ ਲੋਕਾਂ ਨੂੰ ਸਤਿਗੁਰਾਂ ਦੇ ਪ੍ਰਚਾਰ ਤੋਂ ਅਪਣੀਆਂ ਰਿਆਸਤਾਂ ਸਰਦਾਰੀਆਂ ਤੇ ਜਜਮਾਨੀਆਂ ਖੁਸ ਜਾਣ ਦਾ ਡਰ ਲਗਦਾ ਸੀ ਤੇ ਉਹ ਗੁਰੂਘਰ ਦਾ ਵਿਰੋਧ ਕਰਦੇ ਸਨ। ਉਥੇ ਸਤਿਗੁਰਾਂਦੇ ਬਦੇਸੀ ਚੀਜਾਂ ਬਦੇਸੀ ਵਿਦਿਆ ਤੇ ਕਚਹਿਰੀਆਂ ਤੇ ਵਿਦੇਸੀ ਢੰਗ ਦੇ ਪਹਿਰਾਵੇ ਵਾਲੇ ਨਾ ਮਿਲਵਰਤਨ ਵਾਲੇ ਪ੍ਰਚਾਰ ਤੋਂ ਅੰਗ-ਰੇਜ ਨੂੰ ਅਪਣੀ ਹਕੂਮਤ ਦੇ ਖਾਤਮੇ ਦਾ ਫਿਕਰ ਪੈਗਿਆ ਤੇ ਇਹ ਵੀ ਸਤਿਗੁਰਾਂ ਅਤੇ ਨਾਮਧਾਰੀਆਂ ਨੂੰ ਕੈਰੀ ਅਖ ਨਾਲ ਵੇਖਣ ਲਗ ਪਏ।

ਪਤੀ— ਇਹ ਖਰਾਬ ਕੰਮ ਓਦੋਂ ਹੀ ਥੋੜ੍ਹਾ ਹੋਇਆ ਸੀ। ਪਹਿਲੇ ਗੁਰੂਆਂਦੀ ਵਾਰੀ ਇਸ ਤੋਂ ਵੀ ਵਧ ਇਹ ਦੋਖੀ ਲੋਕ ਗੁਰੂ ਘਰ ਨਾਲ ਆਢਾ ਲਾਈ ਰਖਦੇ ਰਹੇ।

ਇਹ ਦੁਸਟ ਲੋਕ ਗੁਰੂ ਅਰਜਨਦੇਵ ਤੋਂ ਕਈ ਰੂਪਾਂ ਵਿਚ ਗੁਰੂ ਘਰ ਦੇ ਦੋਖੀ ਚਲੇ ਆ ਰਹੇ ਹਨ ਜੇ ਅਜ ਮੈਂ ਪਿਛਲੇ ਗੁਰੂਆਂ ਦੀਆਂ ਗਲਾਂ ਦਸਨ ਲਗ ਪਿਆ ਤਾਂ ਤੇਰੀਆਂ ਅਜ ਵਾਲੀਆਂ ਪੁਛੀਆਂ ਗਲਾਂ ਵਿਚੇ ਹੀ ਰਹਿ ਜਾਣਗੀਆਂ।

ਪਤਨੀ— ਹੈਂ ਕੀ ਆਖਿਆ ਜੇ ! ਪਹਿਲਾਂ ਵੀ ਔਂਤਰੇ ਲੋਕ ਗੁਰੂਆਂ ਨਾਲ ਸ਼ਰੀਕਾ ਕਰਦੇ ਚਲੇ ਆਏ ਹਨ। ਭਲਾ ਦਸੋ ਜਿਹੜੇ ਬੰਦੇ ਗੁਰੂਆਂ ਨਾਲ ਈਰਖਾ ਰਖਣ ਉਨਾਂ ਦਾ ਕਿਹੜੇ ਯੁਗ ਭਲਾ ਹੋਊ। ਇਸਦਾ ਮਤਲਬ ਇਹ ਹੋਇਆ ਕਿ ਮੁਢੋਂ ਹੀ ਕਈ ਲੋਕ ਗੁਰੂਆਂ ਪੀਰਾਂ ਨਾਲ ਟਕਰ ਲੈਂਦੇ ਆਏ ਹਨ। ਇਹ ਗਲ ਦਸਕੇ ਤੁਸਾਂ ਮੈਨੂੰ ਹੋਰ ਪਚੱਤਰੀ ਲਾ ਦਿਤੀ ਹੈ ਪਰ ਇਹਗਲਾਂ ਤੁਹਾਥੋਂ ਫਿਰ ਪੁਛਾਂਗੀ। ਅਜ ਸਤਿਗੁਰਾਂ ਬਾਬਤ ਹੀ ਦਸੋ ਫਿਰ ਕਿਵੇਂ ਹੋਇਆ ?

ਪਤੀ— ਭਲੀਏ ਲੋਕੇ ਹੋਇਆ ਤਾਂ ਬੜਾ ਕੁਝ ਸੀ ਪਰ ਅਖੀਰੀ ਗਲ ਇਹ ਹੋਈ ਕਿ ਗੁਰੂ ਦੋਖੀ ਸਿਖ ਸਰਦਾਰ ਤੇ ਅੰਗਰੇਜੀ ਸਰਕਾਰ ਦੋਂਵੇ ਵਡੀਆਂ ਤਾਕਤਾਂ ਅੰਦਰੋ ਅੰਦਰ ਸਤਿਗੁਰਾਂ ਤੇ ਨਾਮਧਾਰੀਆਂ ਤੋਂ ਔਖੇ ਤਾਂ ਬੜੇ ਸਨ ਤੇ ਕਈ ਵਾਰੀ ਨਾਮਧਾਰੀਆਂ ਦੇ ਮੇਲਿਆਂ ਹੋਲਿਆਂ ਤੇ ਸਤਿਗੁਰਾਂ ਦੇ ਦੌਰਿਆਂ ਤੇ ਪਾਬੰਦੀਆਂ ਲੌਂਦੇ ਰਹਿੰਦੇ ਸਨ ਪਰ ਅਜਿਹੀ ਗਲ ਇਨਾਂ ਨੂੰ

Sri Satguru Jagjit Singh Ji Elibrary NamdhariElibrary@gmail.com

ਨਜਰ ਨਹੀਂ ਸੀ ਔਂਦੀ ਜਿਸ ਨਾਲ ਸਤਿ ਗੁਰਾਂ ਨੂੰ ਕਨੂੰਨ ਅਨੁਸਾਰ ਕੋਈ ਪਕਾ ਹਥ ਪੌਂਦੇ।

ਆਖਰਕਾਰ ੧ ਮਿਤ ੧੯੨੯ ਵਲੋ ਸਾਲ ਇਨਾਂ ਝੋਲੀ ਚੁਕਾਂ ਪੁਜਾਰੀਆਂ ਤੇ ਸਰਕਾਰ ਨੂੰ ਉਸ ਵੇਲੇ ਪਕੀ ਪੈਰੀ ਹਥ ਪੌਣ ਦਾ ਮੌਕਾ ਮਿਲ ਹੀ ਗਿਆ। ਜਦੋਂ ਅੰਮ੍ਰਿਤ ਸਰ ਰਾਏਕੋਟ ਮੁਕਿੰਡੇ ਤੇ ਮਲੇਰਕੋਟਲੇ ਨਾਮਧਾਰੀ ਸਿੰਘਾਂ ਨੇ ਅੰਗਰੇਜਾਂ ਦੀ ਸ਼ਹਿ ਨਾਲ ਵਧਦੇ ਜਾ ਰਹੇ ਗਊਬਧ ਕਰਨ ਵਾਲੇ ਬੁਚੜਾਂ ਨੂੰ ਤਲਵਾਰਾਂ ਨਾਲ ਠੀਕ ਕੀਤਾ ਤਾਂ ਇਹ ਵੀ ਇਕ ਬੜਾ ਵਡਾ ਇਤਹਾਸ ਹੈ।

ਪਤਨੀ— ਜੀ! ਗਲ ਤਾਂ ਤੁਹਾਡੀ ਠੀਕ ਹੈ ਕਿ ਇਹ ਬੜਾ ਵਡਾ ਇਤਹਾਸ ਹੈ ਪਰ ਫਿਰ ਵੀ ਥੋੜਾ ਬਹੁਤ ਤਾਂ ਦਸ ਛਡੋ। ਅਜ ਤਾਂ ਬੜਾ ਹੀ ਸਵਾਦ ਆ ਰਿਹਾ ਹੈ ਤੁਹਾਡੀਆਂ ਗਲਾਂ ਦਾ ਖਵਰੇ ਮੇਰੇ ਭਾਗਾਂ ਵਿਚ ਵੀ ਅਜ ਇਹ ਕਥਾ ਸੁਣਨੀ ਲਿਖੀ ਹੋਈ ਸੀ ਤਾਂ ਹੀ ਤੁਸੀ ਦੀਵਾਨ ਵਿਚੋਂ ਉਠ ਕੇ ਆ ਗਏ ਨਹੀ ਤਾਂ ਤੁਹਾਨੂੰ ਕੌਣ ਆਖੇ ਕਿ ਛੇਤੀ ਘਰ ਪਰਤਨਾਂ ਹੈ।

ਪਤੀ— ਤੂੰ ਤਾਂ ਅਜ ਸ਼ਿਵ ਤੇ ਪਾਰ ਬਤੀ ਵਾਲੀ ਗਲ ਕੀਤੀ। ਜਿਵੇਂ ਪਾਰਬਤੀ ਨੇ ਸ਼ਿਵਾਂ ਨੂੰ ਅਮਰ ਕਥਾ ਕਰਨ ਲਾ ਦਿਤਾ ਸੀ ਪਰ ਆਪ ਛੇਤੀ ਹੀ ਸੌਂ ਗਈ ਤੇ ਉਹ ਕਥਾ ਇਕ ਤੋਤਾ ਸੁਣ ਕੇ ਅਮਰ ਹੋ ਗਿਆ ਅਰ ਪਾਰਬਤੀ ਫਿਰ ਉਹੋ ਜਿਹੀ ਰਹੀ। ਸੋ ਜਦੋਂ ਤੈਨੂੰ ਨੀਂਦ ਆਈ ਦਸ ਦੇਵੀਂ ਮੈਂ ਸ਼ਿਵਾਂ ਵਾਂਗ ਐਵੇਂ ਹੀ ਮਸਤ ਹੋਕੇ ਨਾ ਲਗਾ ਰਹਾਂ ਸਾਡੇ ਨੇੜੇ ਤਾਂ ਇਸ ਵੇਲੇ ਕੋਈ ਤੋਤਾ ਨਹੀਂ।

ਪਤਨੀ— ਤੁਸੀ ਆਪਣੀ ਗਲ ਕਰੋ ਮੈਨੂੰ ਅਜਨੀਂਦ ਨਹੀਂ ਔਂਦੀ ਹਾਂ ਫਿਰ ਸ਼ਹੀਦਾਂ ਦੀ ਗਲ ਕੀਕੂੰ ਹੋਈ।

ਪਤੀ— ਸ਼ਹੀਦਾਂ ਦੀ ਗਲ ਮੁਖ ਸਿਰ ਇਹ ਸੀ ਕਿ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਘੰਟਾਘਰ ਵਾਲੇ ਥਾਂ ਅੰਗਰੇਜਾਂ ਨੇ ਬੁਚੜਾਂ ਨੂੰ ਪ੍ਰੇਰਨਾ ਦੇ ਕੇ ਬੁਚੜਖਾਨਾ ਖੁਲਵਾ ਦਿਤਾ। ਭਾਵੇਂ ਇਸ ਬੁਚੜਖਾਨੇ ਤੋਂ ਸ਼ਹਿਰ ਦੇ ਹਿੰਦੂ ਤੇ ਕਈ ਸਿਖ ਔਖੇ ਤਾਂ ਬਹੁਤ ਸਨ ਤੇ ਸਰਕਾਰੇ ਅਰਜ਼ੀਆਂ ਵੀ ਦਿੰਦੇ ਸਨ ਪਰ ਇਨਾਂ ਦੀ ਸੁਣਦਾ ਕੋਈ ਨਹੀ ਸੀ ਨਾਮਧਾਰੀ ਸਿਖਾਂ ਨੇ ਇਸ ਬੁਚੜ ਖਾਨੇ ਵਿਚੋਂ ਮਾਸ ਦੀਆਂ ਬੋਟੀਆਂ ਚੁਕ ਕੇ ਇਲਾਂ ਨੂੰ ਦਰਬਾਰ ਦੀਆਂ ਪ੍ਰਕ੍ਰਮਾਂ ਵਿਚ ਸੁਟਦਿਆਂ ਵੇਖਿਆ ਬਸ ਫਿਰ ਕੀ ਸੀ ਇਕ ਦਿਨ ਸਲਾਹ ਕਰਕੇ ਰਾਤ ਬੁਚੜਾਂ ਤੇ ਹਲਾ ਬੋਲ ਦਿਤਾ ਤੇ ਕੁਝ ਬੰਦੇ ਮਰਕੇ ਖਾਲਸਾ ਹਰਨ ਹੋ ਗਿਆ। ਸਰਕਾਰ ਨਿਰ ਦੋਸ਼ ਬੰਦਿਆ ਨੂੰ ਫਾਹੇ ਲਾਣ ਦਾ ਫੈਸਲਾ ਕਰਨ ਲਗੀ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਦੇ ਬੁਚੜਾਂ ਨੂੰ ਮਾਰਨ ਵਾਲੇ ੪ ਸਿੰਘਾਂ ਨੇ ਅਦਾਲਤ ਵਿਚ ਆਪ ਹਾਜਰ ਹੋਕੇ ਜ਼ੁਰਮ ਦਾ ਇਕ ਬਾਲ ਕਰਕੇ ਜਿਥੇ ਆਪ ਹਜ਼ੂਰ ਕਰਦੇ ਫਾਂਸੀਆਂ ਤੇ ਚੜ ਗਏ ਉਥੇ ਸਾਰੇ ਨਿਰਦੋਸ਼ ਨੂੰ ਰਿਹਾ ਕਰਾ ਦਿਤਾ।

ਪਤਨੀ— ਧੰਨ ਹੋਣਗੇ ਉਹ ਸਿਖ ਜਿਨਾਂਨੇ ਬੁਚੜਾਂ ਨੂੰ ਮਾਰਿਆ ਤੇ ਫਿਰ ਸਤਿ

Sri Satguru Jagjit Singh Ji Elibrary NamdhariElibrary@gmail.com

ਗੁਰਾਂ ਦਾ ਹੁਕਮ ਮੰਨਕੇ ਆਪ ਆਕੇ ਫਾਸੀ ਚੜੇ, ਤੇ ਬੇਦੋਸ਼ਿਆਂ ਲੋਕਾਂ ਦੀਆਂ ਜਾਨਾਂ ਬਚਾਈਆਂ।

ਪਤੀ— ਹਾਂ ਭਾਈ ਇਹ ਕੋਈ ਨਿਕੀ ਜੇਹੀ ਗਲ ਨਹੀਂ। ਇਸ ਘਟਨਾਂਤੋਂ ਬਾਦ ਫੇਰ ਰਾਏ ਕੋਟ ਵੀ ਅਜਿਹੀ ਘਟਨਾ ਹੋਈ। ਏਥੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਗੁਰਦਵਾਰੇ ਨੇੜੇ ਬੁਚੜਖਾਨਾ ਸੀ ਕੁਝ ਨਾਮਧਾਰੀਆਂ ਏਥੇ ਵੀ ਬੁਚੜਾਂ ਨੂੰ ਮਾਰਿਆ ਤੇ ਆਪ ਫਾਂਸੀ ਚੜ ਗਏ ਫਿਰ ਇਸ ਤੋਂ ਬਾਦ ਨਾਮਧਾਰੀਆਂ ਦੇ ਇਕ ਡੇਢ ਸੌ ਦੇ ਕਰੀਬ ਜਥੇ ਨੇ ਮਲੇਰ ਕੋਟਲੇ ਜਾਕੇ ਮੁਸਲਮਾਨ ਹਾਕਮਾਂ ਤੇ ਬੁਚੜਾਂ ਤੇ ਹਲਾ ਬੋਲਿਆ ਤੇ ਹੇਠਲੀ ਉਤੇ ਕਰਕੇ ਆਪ ਫੇਰ ਠਾਣੇ ਆ ਹਾਜਰ ਹੋਏ ਜਿਥੇ ਇਨਾਂ ਸੂਰਬੀਰ ਤੇ ਧਰਮੀ ਯੋਧਿਆ ਨੇ ਹਮਲਾ ਕਰਨ ਤੋਂ ਬਾਦ ਠਾਣੇ ਆਪੇ ਹਾਜਰ ਹੋ ਜਾਣ ਦਾ ਬੇਮਿਸਾਲ ਹੌਸਲਾ ਕੀਤਾ ਉਥੇ ਉਸ ਵਕਤ ਦੇ ਡਿਪਟੀ ਕਮਿਸ਼ਨਰ ਕਾਵਨ ਨੇ ਇਨਾ ਯੋਧੇ ਸਿੰਘਾ ਨੂੰ ਬਿਨਾ ਮੁਕਦਮਾ ਚਲੌਣ ਤੋਂ ਤੋਪਾਂ ਨਾਲ ਉਡਾ ਦਿਤਾ ਏਥੇ ਹੀ ਇਕ ੧੨ ਸਾਲ ਦੇ ਬਚੇ ਬਿਸ਼ਨ ਸਿੰਘ ਨੇ (ਜਿਸ ਨੂੰ ਕਾਵਨ ਦੀ ਮੇਮ ਮਸੂਮ ਜਾਣਕੇ ਬਚਾਉਣਾ ਚਾਹੁੰਦੀ ਸੀ) ਕਾਵਨ ਦੀ ਦਾਹੜੀ ਨੂੰ ਉਸ ਵਕਤ ਮਰੋੜਾ ਚਾੜਿਆ ਜਦੋਂ ਅੰਗਰੇਜ ਨੇ ਇਹ ਆਖਿਆ ਕਿ ਲੜਕਾ ਆਖ ਦੇ ਕਿ ਮੈ ਗੁਰੂ ਦਾ ਸਿਖ ਨਹੀ! ਫਿਰ ਉਸ ਧਰਮੀ ਨੂੰ ਕਤਲ ਕਰਕੇ ਉਸਦੇ ਹਥਾਂ ਵਿਚੋ ਦਾੜ੍ਹੀ ਕਢੀ ਗਈ।

ਪਤਨੀ— ਜੀ! ਮੈ ਇਕ ਵਾਰੀ ਬਸੰਤ ਨੰਬਰ ਵਿਚ ਇਕ ਸਿਖ ਨੂੰ ਤੋਪ ਅਗੇ ਉਡਦਿਆਂ ਦੀ ਤਸਵੀਰ ਵੀ ਵੇਖੀ ਸੀ।

ਪਤੀ— ਮੈਨੂੰ ਜਾਪਦਾ ਹੈ ਤੈਨੂੰ ਸਾਰੀਆਂ ਗਲਾਂ ਦਾ ਪਤਾ ਤਾਂ ਹੈ ਪਰ ਤੂੰ ਮੈਨੂੰ ਆਹਰੇ ਲੌਣ ਵਾਸਤੇ ਇਹ ਗਲਾਂ ਸੁਨੌਣ ਲਈ ਲਾ ਰਖਿਆ ਹੈ। ਚਲੋ ਏਸੇ ਤਰਾਂ ਹੀ ਸਹੀ ਮੈ ਤਾਂ ਇਹ ਗਲ ਭੁਲ ਹੀ ਗਿਆਂ ਸਾਂ, ਤੂੰ ਚੇਤਾ ਕਰਵਾ ਦਿਤਾ ਹੈ।

ਉਹ ਗਲ ਇਸਤਰਾਂ ਸੀ ਕਿ ਭਾਈ ਵਰਿਆਮ ਸਿੰਘ ਜੀ ਮਰਾਜ ਵਾਲਿਆਂ ਨੂੰ ਵੀ ਕੋਈ ਉਨਾਂ ਦਾ ਰਿਸ਼ਤੇਦਾਰ ਸਿਫਾਰਸ਼ੀ ਤੌਰ ਤੇ ਉਹਨਾਂ ਨੂੰ ਸ਼ਹਾਦਤ ਤੋਂ ਬਚੌਣਾਂ ਚਾਹੁੰਦਾ ਸੀ। ਇਸ ਕੰਮ ਵਾਸਤੇ ਤੋਪਚੀ ਨੇ ਬਹਾਨਾ ਬਣਾਇਆ ਕਿ ਇਸ ਦਾ ਕੱਦ ਤੋਪ ਦੇ ਮੂੰਹ ਵਾਸਤੇ ਫਿਟ ਨਹੀਂ। ਤਾਂ ਇਹ ਸੁਣਦਿਆਂ ਹੀ ਇਕ ਬੀਰ ਬਾਂਕੇ ਨੇ ਇਕ ਛਪੜੀ ਵਿਚੋਂ ਢੇਮਾਂ ਲਿਆਕੇ ਪੈਰਾਂ ਹੇਠ ਧਰਕੇ ਆਖਿਆ ਕਿ ਹੁਣ ਸ਼ਿਸਤ ਲਾ ਕੇ ਵੇਖੋ ਮੇਰੀ ਛਾਤੀ ਫਿਟ ਹੋ ਗਈ ਹੋਵੇਗੀ। ਇਸਤਰਾਂ ਉਸਨੇ ਵੀ ਸ਼ਹੀਦੀ ਪ੍ਰਾਪਤ ਕੀਤੀ।

ਪਤਨੀ— ਜੀ ਮੈਂ ਆਖਦੀ ਹਾਂ, ਓਹਨਾਂ ਚੰਦਰਿਆਂ ਲੋਕਾਂ ਦਾ ਕੋਟੜੇ ਜੁਗ ਭਲਾ ਹੋਵੇਗਾ ਜਿਨਾਂ ਨੂੰ ਏਨੀ ਬੇਨਿਆਈ ਤੇ ਜੁਲਮ ਕਰਦਿਆਂ ਨੂੰ ਰਤਾ ਸ਼ਰਮ ਨਾ ਆਈ। ਲਖ ਲਾਹਨਤ ਇਹਨਾਂ ਨਖਤਿਆਂ ਦਾ, ਧਰਮੀਆਂ ਸਿਖਾਂ ਉਤੇ ਤੋਪਾਂ ਦੇ ਗੋਲੇ ਚਲੌਣ ਵੇਲੇ ਕੋਈ ਤਰਸ ਨ ਆਇਆ।

ਸਚ ਫਿਰ ਕੀ ਗਲ ਹੋਈ?

Sri Satguru Jagjit Singh Ji Elibrary NamdhariElibrary@gmail.com

ਪਤੀ— ਭਲੀਏ ਲੋਕੇ ਫਿਰ ਕੀ ਹੋਣਾ ਸੀ। ਜਿਥੇ ੧੮ ਜਨਵਰੀ ੧੮੭੨ ਨੂੰ ਇਹਨਾਂ ਸਿਖਾਂ ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ, ਓਥੇ ਏਸੇ ਦਿਨ ਇਕ ਠਾਣੇਦਾਰ ਨੇ ਸਤਿਗੁਰੂ ਰਾਮ ਸਿੰਘ ਜੀ ਪਾਸ ਸ੍ਰੀ ਭੈਣੀ ਸਾਹਿਬ ਆਕੇ ਲੁਧਿਆਣੇ ਜਾਣ ਲਈ ਕਿਹਾ। ਸਤਿਗੁਰਾਂ ਨੂੰ ਇਸ ਭਾਣੇ ਦਾ ਪਹਿਲਾਂ ਹੀ ਪਤਾ ਸੀ। ਓਹਨਾਂ ਇਕ ਮਾਈ ਕਰਮੋ ਦੀ ਬੜੇ ਚਿਰ ਦੀ ਲਿਆਂਦੀ ਹੋਈ ਲੋਈ ਨੂੰ ਇਸ ਰਵਾਨਗੀ ਵੇਲੇ ਓੜਨ ਵਾਸਤੇ ਅਗੇ ਹੀ ਸੰਭਾਲ ਰਖਿਆ ਸੀ। ਥਾਨੇਦਾਰ ਦੇ ਔਣ ਤੇ ਓਨਾਂ ਆਪਣੇ ਸੇਵਕ ਨੂੰ ਹੁਕਮ ਦਿਤਾ ਕਿ ਕਰਮੋ ਵਾਲੀ ਲੋਈ ਲਿਆਓ। ਅਰ ਡੇਰੇ ਦਾ ਸਾਰਾ ਪ੍ਰਬੰਧ ਆਪਣੇ ਛੋਟੇ ਵੀਰ ਨੂੰ ਸੰਭਾਲ ਕੇ ਲੁਧਿ- ਆਣੇ ਚਲੇ ਗਏ। ਫਿਰ ਗਡੀ ਤੇ ਸਵਾਰ ਕਰਵਾਕੇ ਬਿਲਿਆਂ ਨੇ ਗੁਰੂ ਜੀ ਨੂੰ ਇਲਾ- ਹਬਾਦ (ਪਰਾਗਰਾਜ) ਜਾ ਉਤਾਰਿਆ।

ਸੋ ਸਤਿਗੁਰਾਂ ਦਾ ਪ੍ਰਦੇਸ ਜਾਣ ਦਾ ਕੁਝ ਏਸਤਰਾਂ ਦਾ ਕਾਰਨ ਸੀ।

ਪਤਨੀ— ਸੰਤ ਜੀ ਅਜ ਤੇ ਤੁਸੀਂ ਬੜੀਆਂ ਪੁਰਾਣੀਆਂ ਕਥਾ ਸੁਣਾਈਆਂ ਹਨ ਪਰ ਅਜੇ ਮਸਾਂ ਇਕੋ ਗਲ ਹੀ ਮੁਕੀ ਹੈ ਜੇ ਤੁਸਾਂ ਦੂਸਰੀਆਂ ਦੋਹਾਂ ਗਲਾਂ ਦਾ ਜਵਾਬ ਦਿਤਾ ਤਾਂ ਭਾਵੇਂ ਸਾਰੀ ਰਾਤ ਲੰਘ ਜਾਵੇ।

ਪਤੀ—ਮੈਂ ਤਾਂ ਪਹਿਲਾਂ ਹੀ ਇਹ ਗਲ ਦਸੀ ਸੀ ਕਿ ਇਹ ਗਲ ਤਾਂ ਇਕ ਨਾ ਮੁਕਣ ਵਾਲਾ ਇਤਿਹਾਸ ਹੈ ਪਰ ਮੈਂ ਹੁਣ ਅਗਲੀਆਂ ਗਲਾਂ ਮੈਂ ਛੇਤੀ ਹੀ ਮੁਕਾ ਦੇਵਾਂਗਾ। ਕਿਉਂਕਿ ਮੈਂ ਵੀ ਹੁਣ ਥਕਦਾ ਜਾ ਰਿਹਾਹਾਂ।

ਪਤਨੀ—ਚੰਗਾ ਜੀ ਜਿਵੇਂ ਤੁਹਾਡੀ ਮਰਜੀ ਹੋਵੇ।

ਪਤੀ— ਸਤਿਗੁਰਾਂ ਨੂੰ ਫਿਰ ਇਲਾਹਬਾਦ ਤੋਂ ਰੰਗੂਨ ਲਿਜਾਇਆ ਗਿਆ। ਕੋਈ ਯਾਰਾਂ ਬਾਰਾਂ ਸਾਲ ਸਤਿਗੁਰ ਉਸ ਬੰਗਲੇ ਵਿਚ ਨਿਵਾਸ ਰਖਦੇ ਰਹੇ ਜਿਥੇ ਹਿੰਦੁਸਤਾਨ ਦਾ ਆਖਰੀ ਬਾਦਸ਼ਾਹ ਬਹਾ- ਦਰ ਸ਼ਾਹ ਨੂੰ ਅੰਗਰੇਜ਼ਾਂ ਨੇ ਕੈਦ ਰਖਿਆ ਸੀ।

ਇਕ ਗਲ ਮੈਂ ਤੈਨੂੰ ਦਸਣੀ ਭੁਲ ਗਿਆ ਸਾਂ ਕਿ ਸਤਿਗੁਰੂ ਜੀ ਪ੍ਰਦੇਸ ਗਵਨ ਕਰਨ ਤੋਂ ਪਹਿਲਾਂ ਸੰਗਤ ਨਾਲ ਬਚਨ ਕਰਦੇ ਹੁੰਦੇ ਸਨ ਕਿ ਬਿਲੇ ਮੈਨੂੰ ਹਥ ਪੌਣਗੇ ਪ੍ਰਦੇਸ ਲੈ ਜਾਣ ਗੇ ਅਤੇ ਕੁਝ ਸਮੇ ਬਾਦ ਆਖਣਗੇ ਕਿ (ਗੁਰੂ) ਰਾਮ ਸਿੰਘ ਚੜਾਈ ਕਰ ਗਿਆ ਹੈ। ਪਰ ਨਾਮਧਾਰੀਓ ਤੁਸੀਂ ਨਾ ਮੰਨਣਾ, ਭਾਵੇਂ ਤੁਹਾਨੂੰ ਕੋਈ ਇਹ ਗਲ ਵੀ ਆਕੇ ਆਖੇ ਕਿ ਮੈਂ ਰਾਮ ਸਿੰਘ ਨੂੰ ਹਥੀਂ ਲਾਂਬੂ ਲਾਕੇ ਆਇਆ ਹਾਂ ਪਰ ਇਤਬਾਰ ਨਾ ਕਰਨਾ। ਸੂਰਜ ਪੂਰਬ ਦੀ ਜਗਾ ਪੱਛਮੋ ਚੜਿਆ ਮੰਨ ਲੈਣਾ ਪਰ ਇਹ ਨਾ ਮੰਨਣਾ ਕਿ ਰਾਮ ਸਿੰਘ ਚੜਾਈ ਕਰ ਗਿਆ ਹੈ। ਮੈਂ ਜਦ ਪ੍ਰਦੇਸ ਜਾਵਾਂਗਾ ਉਸਤੋਂ ਬਾਦ ਸਮਾ ਪਾਕੇ ਮੈਂ ਫਿਰ ਦੇਸ ਆਵਾਂਗਾਂ, ਗਊ ਗਰੀਬ ਦੇ ਗਲੋਂ ਛੁਰੀ ਲਥੇਗੀ ਭਾਰਤ 'ਚ ਧਰਮ ਦਾ ਰਾਜ ਹੋਵੇਗਾ ਜਿਨਾਂ ਚਿਰ ਦੇਸ ਵਿਚ ਅਜਿਹੀ ਸਥਿਤੀ ਨਹੀਂ ਬਣਦੀ ਓਨਾਂ ਚਿਰ ਮੇਰਾ ਸਰੀਰ ਦੇਹ ਕਰਕੇ ਅਲੋਪ ਨਹੀਂ ਹੋਵੇਗਾ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰਾਂ ਦੇ ਪ੍ਰਦੇਸ ਜਾਣ ਤੋਂ ਕੁਝ ਚਿਰ ਬਾਦ ਸਤਿਗੁਰੂ ਹਰੀ ਸਿੰਘ ਜੀ ਦੇ ਯਤਨਾਂ ਦੇ ਫਲਸਰੂਪ ਬਾਬਾ ਦਰਬਾਰਾ ਸਿੰਘ ਜੀ ਤੋਂ ਲੈਕੇ ਰੰਗੂਨ ਦੇ ਬੰਗਲੇ ਵਿਚ ਜਾਕੇ ਸਤਿਗੁਰਾਂ ਦੇ ਦਰਸ਼ਨ ਕਰਨ ਦਾ ਸਿਲ ਸਿਲਾ ਜਾਰੀ ਹੋ ਗਿਆ।

ਪਤਨੀ— ਜੀ ਇਹ ਸਿਖ ਪ੍ਰਦੇਸ ਵਿਚ ਕਿਸਤਰਾਂ ਜਾ ਕੇ ਦਰਸ਼ਨ ਕਰਦੇ ਸਨ ਜਦੋਂ ਕਿ ਦੇਸ ਵਿਚ ਵੀ ਨਾਮਧਾਰੀਆਂ ਤੇ ਗਰਕ ਜਾਣੇ ਅੰਗਰੇਜਾਂ ਨੇ ਫਿਰਨ ਤੁਰਨ ਦੀ ਮਨਾਹੀ ਕੀਤੀ ਹੋਈ ਸੀ।

ਪਤੀ— ਮੈਂ ਕਿਹਾ ਹਰਪਾਲ ਜੀ ਇਹੋ ਤਾਂ ਸਤਿਗੁਰਾਂ ਦੀ ਨੀਤਕ ਸ਼ਕਤੀ ਦਾ ਇਕ ਸਬੂਤ ਸੀ। ਸਤਿਗੁਰਾਂ ਨੂੰ ਤਾਂ ਅੰਗਰੇਜਾਂ ਨੇ ਰੰਗੂਨ ਦੇ ਕਿਲੇ ਵਿਚ ਨਜ਼ਰ ਬੰਦ ਕੀਤਾ ਹੋਇਆ ਸੀ। ਏਧਰ ਦੇਸ ਵਿਚ ਨਾਮਧਾਰੀਆਂ ਨੂੰ ਕਿਸੇ ਪਾਸੇ ਜਾਣ ਔਣ ਦੀ ਕਨੂੰਨੀ ਮਨਾਹੀ ਤੇ ਭੈਣੀ ਸਾਹਿਬ ਦੇ ਗੁਰਦਵਾਰੇ ਅਗੇ ਪੁਲੀਸ ਦੀ ਨਿਗਰਾਨ ਚੌਕੀ ਬੈਠੀ ਸੀ। ਇਸ ਹਾਲਤ ਵਿਚ ਗੁਰੂ ਦਰਸਨ ਅਭਿਲਾਖੀ ਚੌਥੇ ਪਾਤਸ਼ਾਹ ਜੀ ਦੀਆਂ ਉਚਾਰਨ ਕੀਤੀਆਂ ਇਹਨਾਂ ਪੰਗ-ਤੀਆਂ ਤੇ ਅਮਲ ਕਰਦੇ ਹੋਣ —

ਝਖੜ ਝਾਗੀ ਮੀਹੁ ਵਰਸੈ
ਭੀ ਗੁਰ ਦੇਖਣ ਜਾਈ।
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰ ਸਿਖ ਲੰਘਿ ਗੁਰੂ ਪਹਿ ਜਾਈ।

ਅਥਵਾ—

ਪਾਲਾ ਕਕਰੁ ਵਰਫ ਵਰਸੈ
ਗੁਰ ਸਿਖੁ ਗੁਰ ਦੇਖਣ ਜਾਈ।
—ਸੂਹੀ ਅਸਟਪਦੀਆਂ ਮ.੪

ਪਤਨੀ—ਧੰਨ ਸਤਿ ਗੁਰੂ ਰਾਮਸਿੰਘ ਤੇ ਧੰਨ ਤੁਹਨਾਂ ਦੇ ਸਿਦਕੀ ਸਿਖ ਸਚ-ਮੁਚ ਇਹ ਗਲਾਂ ਸੁਣਕੇ ਦਿਲ ਜੁੜ ਜਾਂਦੇ ਨੇ। ਕੁ-ਪਤਾ ਨਹੀ ਉਹ ਕਿਨੀਆਂ ਮੁਸ਼ਕਲਾਂ ਨਾਲ ਰੰਗੂਨ ਜਾਂਦੇ ਹੋਣਗੇ? ਅਤੇ ਓਥੇ ਗਿਆਂ ਨੂੰ ਕਿਵੇਂ ਸਚੇ ਪਾਤਸ਼ਾਹ ਦਰਸ਼ਨ ਦਿੰਦੇ ਹੋਣਗੇ?

ਪਤੀ— ਭਲੀਏ ਲੋਕੇ ਨਿਰੇ ਜਾਣ ਔਣ ਦੀ ਗਲ ਹੀ ਨਹੀਂ ਸਗੋਂ ਅਨੇਕਾਂ ਸਿਖ ਰੰਗੂਨੋਂ ਸਤਿਗੁਰਾਂ ਦੇ ਹੁਕਮ ਨਾਮੇ ਲਿਔਂਦੇ ਰਹੇ। ਪਰ ਮੇਰੀ ਗਲ ਸੁਣ ਤੂੰ ਆਪੇ ਹੀ ਇਸ ਅਕਥ ਕਥਾ ਨੂੰ ਹੋਰਵਧਾਈ ਜਾਂਦੀ ਹੈਂ ਤੇ ਨਾਲੇ ਕਹਿੰਦੀ ਮੈਂ ਛੇਤੀ ਗਲ ਨੂੰ ਖਤਮ ਕਰਨਾ ਹੈ।

ਪਤਨੀ— ਜੀ! ਇਹ ਕਥਾ ਹੀ ਐਸੀ ਹੈ ਜਿਹੜੀ ਕਦੇ ਮੁਕਣ ਵਾਲੀ ਨਹੀਂ ਜਿਉਂ ਜਿਉਂ ਤੁਸੀ ਇਸ ਕਥਾ ਨੂੰ ਛੇਤੀ ਮਕੌਣ ਦਾ ਜਤਨ ਕਰਦੇ ਹੋ ਤਿਉਂ ਤਿਉਂ ਮੈਨੂੰ ਹੋਰ ਗਲਾਂ ਚੇਤੇ ਆਈ ਜਾਂਦੀਆਂ ਹਨ, ਅਛਾ ਜਦੋਂ ਸਿੰਘਾਂ ਦਾ ਰੰਗੂਨ ਜਾਣ ਦਾ ਸਿਲ-ਸਿਲਾ ਜਾਰੀ ਹੋਗਿਆ ਤਾਂ ਫਿਰ ਕਿਵੇਂ ਹੋਈ?

ਪਤੀ— ਫਿਰ ਸਿੰਘਾਂ ਦੇ ਜਾਣ ਤੇ ਸਤਿਗੁਰੂ ਜੀ ਉਨਾਂ ਸਿੰਘਾਂ ਹਥ ਬੜੀ ਭੇਦ

Sri Satguru Jagjit Singh Ji Elibrary NamdhariElibrary@gmail.com

ਭਰੀ ਹਾਲਤ ਵਿਚ ਜੋ ਹੁਕਮ ਨਾਮੇ ਭੇਜਦੇ ਰਹੇ। ਉਨਾਂ ਵਿਚ ਜਿਥੇ ਸਤਿਗੁਰਾਂ ਨੇ ਸ੍ਰੀ ਭੈਣੀ ਸਾਹਿਬ ਦੇ ਡੇਰੇ ਦੀ ਕਾਰ ਅਰ ਨਾਮ ਧਾਰੀ ਸੰਗਤ ਦੀ ਸਾਰੀ ਜੁਮੇਵਾਰੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਦੇ ਭੇਜੀ. ਉਥੇ ਉਨਾਂ ਨੇ ਦੇਸ ਵਿਚ ਫਿਰ ਦਰਸ਼ਨ ਦੇਣ ਵਾਸਤੇ ਨਾਮਧਾਰੀ ਸੰਗਤਾਂ ਨੂੰ ਭਜਨ ਬਾਣੀ ਤੇ ਸ੍ਰੀ ਆਦਿ ਗ੍ਰੰਥ ਸਾਹਿਬਾਂ ਦੇ ਪਾਠ ਕਰ ਦੇਣ ਵਾਸਤੇ ਵੀ ਕਿਹਾ।

ਜਿਸ ਹੁਕਮ ਉਤੇ ਉਸੇ ਵਕਤ ਤੋਂ ਅਜ ਤਕ ਨਾਮਧਾਰੀ ਵਰਤਮਾਨ ਸਤਿਗੁਰੂ ਜੀ ਦੀ ਛਤ੍ਰ ਛਾਇਆ ਹੇਠ ਹਰ ਸਾਲ ਪਾਠ ਪ੍ਰਯੋਗ ਕਰਦੇ ਚਲੇ ਆ ਰਹੇ ਹਨ। ਪਰ ਸਤਿਗੁਰੂ ਰਾਮ ਸਿੰਘ ਜੀ ਦੇਹ ਕਰਕੇ ਦਰ-ਸ਼ਨ ਦੇਣ ਦੀ ਨਾਮਧਾਰੀਆਂ ਦੀ ਇਹ ਆਸ ਕਦੋਂ ਪੂਰੀ ਕਰਨਗੇ। ਇਸ ਗਲ ਨੂੰ ਸਤਿ ਗੁਰ ਆਪ ਹੀ ਜਾਣਦੇ ਹਨ। ਜਦੋਂ ਉਹਨਾਂ ਦੀ ਰਜਾ ਹੋਈ ਉਹ ਜਰੂਰੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ ਗੇ। ਕੋਈ ਦੂਜਾ ਆਦਮੀ ਸਤਿਗੁਰਾਂ ਦੀ ਇਸ ਅਗਾਧਗਤੀ ਨੂੰ ਨਹੀ ਜਾਣਦਾ।

ਬਕੀ ਰਹੀ ਗਲ ਸਾਡੀ ਭਾਵਨਾ ਦੀ। ਭਲੀਏ ਲੋਕੋ! ਸ੍ਰੀ ਗੁਰ ਨਾਨਕ ਦੇਵ ਜੀ ਨੇ ਜੋ ਭਗਤੀ ਮਾਰਗ ਸਿਖਾਂ ਵਾਸਤੇ ਚਲਾਇਆ ਉਸ ਵਿਚ ਉਨਾਂ ਨੇ ਸਿਖਾਂ ਵਾਸਤੇ ਗੁਰੂ ਭਗਤੀ ਨੂੰ ਗ੍ਰਹਿਣ ਕਰਨ ਸਬੰਧੀ ਬਾਣੀ ਦੁਆਰਾ ਜੋ ਉਪਦੇਸ਼ ਅੰਕਿਤ ਕੀਤੇ। ਉਹ ਸਾਰੇ ਤੇ ਮੈਂ ਦਸ ਨਹੀਂ ਸਕਦਾ ਕੇਵਲ ਇਸ਼ਾਰੇ ਮਾਤਰ ਇਤਨਾ ਹੀ ਤੈਨੂੰ ਸਮਝਾ ਦੇਂਦਾ ਹਾਂ ਕਿ ਮਵੇਂਠੇ ਬਾਣੀ ਦਾ ਪਾਠ ਕਰਦਿਆਂ ਹਜਾਰੇ ਦੇ ਸ਼ਬਦਾਂ ਵਿਚ ਧਨਾ-ਸਰੀ ਤੇ ਤਿਲੰਗ ਰਾਗ ਦੇ ਮਹਲੇ ਦੇ ਸ਼ਬਦ ਤੂੰ ਪੜ੍ਹਿਆ ਕਰਦੀ ਹੈਂ, ਉਨਾਂ ਨੂੰ ਵਿਚਾਰਨ ਤੇ ਇਹ ਪਤਾ [illegible] ਜਾਂਦਾ ਹੈ।

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.........
....
ਭੈਣੀ ਸਾਹਿਬ

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ ਹੁਕਮੁ ਚੁਕਾਈਐ।
ਜਾ ਕੈ ਪ੍ਰੇਮਿ ਪਦਾਰਥੁ ਪਾਈਐ
ਤਉ ਚਰਨੀ ਚਿਤੁ ਲਾਈਐ।
ਸਹੁ ਕਹੈ ਸੋ ਕੀਜੈ ਤਨੁ ਮਨੁ ਦੀਜੈ
ਐਸਾ ਪਰਮਲੁ ਲਾਈਐ।
ਏਵ ਕਹਹਿ ਸੋਹਾਗਣੀ ਭੈਣੇ
ਇਨੀ ਬਾਤੀ ਸਹੁ ਪਾਈਐ।
ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ।
ਸਹੁ ਨਦਰਿ ਕਰਿ ਦੇਖੈ ਸੋ ਦਿਨੁ
ਲੇਖੈ ਕਾਮਣਿ ਨਉ ਨਿਧਿ ਪਾਈ।
ਆਪਣੇ ਕੰਤ ਪਿਆਰੀ ਸਾ
ਸੋਹਾਗਣਿ ਨਾਨਕ ਸਾ ਸਭਰਾਈ।

ਤਿਲੰਗ ਮ: ੧

ਇਤ ਆਦਿਕ ਸਾਰੀ ਬਾਣੀ ਵਿਚ ਸਭਨਾਂ ਗੁਰੂ ਸਾਹਿਬਾਂ ਨੇ ਗੁਰੂ ਭਗਤੀ ਦੇ ਸਬੰਧ ਵਿਚ ਅਨ ਗਿਣਤ ਸਬਦ ਉਚਾਰਣ ਕੀਤੇ ਹੋਏ ਹਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਥੇ ਵਿਅਕਤੀ ਗਤ ਤੌਰ ਤੇ ਸਤਿਗੁਰਾਂ ਦੀ ਵਿਅਗਤੀ ਗਤ ਹੋਂਦ ਦੇ ਵਿਛੋੜੇ ਨੂੰ ਬੜੇ ਵੈਰਾਗ ਮਈ ਸਬਦਾਂ ਨਾਲ ਉਚਾਰਨ ਕੀਤਾ ਹੋਇਆ ਹੈ। ਜਿਹਾ ਕਿ:—

Sri Satguru Jagjit Singh Ji Elibrary NamdhariElibrary@gmail.com

ਇਕ ਘੜੀ ਨ ਮਿਲਤੇ ਤ ਕਲਿਜੁਗ ਹੋਤਾ।
ਹੁਣਿ ਕਦ ਮਿਲੀਐ ਪ੍ਰਿਅ ਤੁਧੁ ਭਗਵੰਤਾ।
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ।
ਬਿਨੁ ਦੇਖੇ ਗੁਰ ਦਰਬਾਰੇ ਜੀਉ।..............
ਮਾਝ ਮ: ੫

ਉਥੇ, ਸਿਖ ਰੂਪ ਸੁਹਾਗਣਿ ਇਸਤ੍ਰੀ ਨੂੰ ਸੰਬੋਧਨ ਕਰਦਿਆਂ ਇੰਵ ਵੀ ਅੰਕਿਤ ਕੀਤਾ ਹੋਇਆ ਹੈ ਕਿ:—

ਸੰਤਾ ਕੀ ਹੋਇ ਦਾਸਰੀ
ਏਹੁ ਅਚਾਰਾ ਸਿਖੁ ਰੀ।
ਸਗਲ ਗੁਣਾ ਗੁਣ ਊਤਮੋ
ਭਰਤਾ ਦੂਰ ਨ ਪਿਖੁ ਰੀ।
(ਆਸਾ ਮ: ੫)

ਸੋ ਇਸਤਰਾਂ ਸਾਨੂੰ ਗੁਰੂ ਜੀ ਦੇ ਇਤ ਆਦਕ ਅੰਕਤ ਕੀਤੇ ਉਪਦੇਸ਼ਾਂ ਦੀ ਪਾਲਣਾ ਕਰਦਿਆਂ ਜਿਥੇ ਵਰਤਮਾਨ ਕਾਲ ਦੇ ਸਤਿ-ਗੁਰੂ ਦੀ ਛਤ੍ਰ ਛਾਇਆ ਹੇਠ ਰਹਿੰਦਿਆਂ ਤੇ ਉਨਾਂ ਦੇ ਹੁਕਮਾਂ ਦੀ ਨਿਰਸੰਸੇ ਪਾਲਣਾ ਕਰਦਿਆਂ ਰਹਿਣਾ ਚਾਹੀਦਾ ਹੈ, ਉਥੇ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨਾਂ ਦੀ ਤਾਂਘ ਨੂੰ ਵੀ ਕਦੇ ਦਿਲੋਂ ਨਹੀ ਭੁਲਾਉਣਾ ਚਾਹੀਦਾ।

ਅਜ ਦੀਵਾਨ ਵਿਚ ਵੀ ਸੰਤ ਇਹੋ ਜਿਹੀਆਂ ਕਥਾ ਸਣਾਉਂਦੇ ਸਨ ਜਿਸ ਕਰਕੇ ਮੇਰਾ ਉਥੋਂ ਆਉਣ ਨੂੰ ਦਿਲ ਨਹੀ ਸੀ ਕਰਦਾ।

ਸੁਆਮੀ ਜੀ! ਭਾਵੇਂ ਆਪ ਜੀ ਦੇ ਬਚਨਾਂ ਦਾ ਅਜ ਬੜਾ ਹੀ ਸਵਾਦ ਆਇਆ ਹੈ ਪਰ ਮਨ ਨੂੰ ਇਹ ਪਛਤਾਵਾ ਵੀ ਲਗ ਗਿਆ ਹੈ ਕਿ ਮੈਂ ਵੀ ਦੀਵਾਨ ਵਿਚ ਕਿਉਂ ਨ ਗਈ। ਉਥੇ ਇਸ ਕਥਾ ਦੇ ਨਾਲ ਸਾਧ ਸੰਗਤ ਦੇ ਦਰਸ਼ਨ ਵੀ ਹੋ ਜਾਣੇ ਸਨ। ਪਰ ਚੰਗਾ ਹੁਣ ਤੁਸੀ ਕੁਝ ਚਿਰ ਬਿਰਾਜ ਲਵੋ ਮੈਨੂੰ ਵੀ ਹੁਣ ਨੀਂਦਰ ਨੇ ਜ਼ੋਰ ਪਾ ਦਿਤਾ ਹੈ ਤੇ ਵਕਤ ੧ ਵਜੇ ਤੋਂ ਉਪਰ ਹੋ ਚੁਕਾ ਹੈ। ਬੀਬੀ ਹਰਪਾਲ ਕੌਰ ਨੇ ਦੋ ਤਿੰਨ ਉਬਾ-ਸੀਆਂ ਲੈਂਦਿਆਂ ਇਹ ਗਲਾਂ ਕਰਕੇ ਅਖ਼ਾਂ ਮੀਟ ਲਈਆਂ।

ਸੰਤ ਜੀ! ਸੰਤ ਜੀ!! ਸੰਤ ਜੀ!!! ਉਠੋ ਹੁਣ ਤਾਂ ੬ ਵਜਨ ਲਗੇ ਨੇ, ਅਜ ਕਦੋਂ ਅਸ਼ਨਾਨ ਪਾਨ ਕਰੋਗੇ। ਵੇਖੋ ਚੰਡੀ ਦੀ ਵਾਰ ਪੜਨ ਦਾ ਵੇਲਾ ਹੋ ਚਲਿਆ ਜੇ।

ਬੀਬੀ ਹਰਪਾਲ ਕੌਰ ਨੇ ਅੰਮ੍ਰਿਤ ਵੇਲੇ ਪਹਿਲਾਂ ਉਠ ਅਸ਼ਨਾਨ ਪਾਨ ਕਰ ਜਪੁਜੀ ਦੇ ਪਾਠ ਨਾਲ ਘਰ ਦੇ ਸਿਰਨ ਸੂਤ ਰਨ ਦਾ ਕੰਮ ਮੁਕਾਕੇ ਅਪਣੇ ਪਤੀ ਦੇਵ ਨੂੰ ਹਲੂਣਦਿਆਂ ਆਖਿਆ!

ਧੰਨ ਸਤਿਗੁਰੂ ਨਾਨਕ! ਧੰਨ ਸਤਿਗੁਰੂ ਰਾਮ ਸਿੰਘ!! ਧੰਨ ਸਤਿਗੁਰੂ ਪ੍ਰਤਾਪ ਸਿੰਘ!!! ਅਜ ਤਾਂ ਹਦ ਹੋ ਗਈ ਸੁਚੱਜੀਏ! ਅਜ ਤੂੰ ਮੈਨੂੰ ਜਗਾਕੇ ਬੜਾ ਪਾਪ ਕੀਤਾ ਈ। ਜਿਸ ਨੀਂਦਰੋਂ ਹੁਣ ਮੈ ਸੁਤਾ ਹੋਇਆ ਸਾਂ। ਇਹ ਨੀਂਦਰ ਕੋਈ ਰੋਜ ਔਣੀ ਸੀ ਭਾਗਾਂ ਨਾਲ ਇਹ ਸੁਲਖਨੀ ਘੜੀ ਹੋਈ ਸੀ ਜਦੋਂ ਕਿ ਮੈਨੂੰ ਉਸ ਪ੍ਰੀਤਮ ਪਿਆਰੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਕਾਰ ਦਰਸ਼ਨ ਸੁਪਨੇ

Sri Satguru Jagjit Singh Ji Elibrary NamdhariElibrary@gmail.com

ਵਿਚ ਹੋ ਰਹੇ ਸਨ। ਤੇ ਮੈ ਉਨਾਂ ਦੀ ਸਰਨ ਵਿਚ ਅਨਗਿਣਤ ਸੰਗਤਾਂ ਸਮੇ ਬੈਠੇ ਹੋਇਆਂ ਇਸ ਅਨੰਦ ਮਈ ਅਵਸਥਾ ਵਿਚ ਮੌਜਾ ਮਾਣ ਰਿਹਾ ਸਾਂ ਜਿਸ ਨੂੰ ਕਬੀਰ ਨੇ ਕਦੇ "ਚਰਨ ਕਮਲ ਦੀ ਮਉਜ" ਆਖਿਆ ਹੋਇਆ ਹੈ।

ਹਰਪਾਲ ਤੂੰ ਸਚ ਜਾਣੀ ਤੂੰ ਤਾਂ ਅਜ ਦੇ ਕੁਵੇਲਾ ਹੋਣ ਦੀ ਗਲ ਕਰਦੀ ਹੈਂ ਪਰ ਮੈ ਤਾਂ ਇਸ ਮੌਜ ਵਿਚ ਆਦ ਤੋਂ ਅੰਤ ਸੁਤੇ ਰਹਿਣ ਲਈ ਤਿਆਰ ਸਾਂ।

ਮੈਨੂੰ ਇਸ ਜਾਗਣ ਨਾਲੋਂ ਉਹ ਸੁਪਨਾ ਲਖਾਂ ਦਰਜੇ ਚੰਗਾ ਸੀ ਜਿਹੜਾ ਮੈ ਵੇਖ ਰਿਹਾ ਸਾਂ ਤੇ ਤੂੰ ਮੈਨੂੰ ਜਗਾ ਦਿਤਾ। ਗੁਰੂ ਜੀ ਨੇ ਸ਼ਾਇਦ ਕਿਤੇ ਇਹੋ ਜਿਹੀ ਹਾਲਤ ਵਿਚ ਇਹ ਆਖਿਆ ਹੋਇਆ ਹੈ

ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਕੈ ਸੰਗਿ

ਆਹ! ਇਹ ਸਮਾ ਫਿਰ ਕਦੋਂ ਆਵੇਗਾ। ਜਦੋਂ ਸਚੇ ਪਾਤਸ਼ਾਹ ਤੇ ਸੰਗਤ ਦੇ ਦਰਸ਼ਨ ਜਿਨਾਂ ਵਾਸਤੇ ਕਈਆਂ ਸਾਲਾਂ ਤੋਂ ਲਖਾਂ ਨਾਮਧਾਰੀ ਭਜਨ ਬਾਣੀ ਤੇ ਪਾਠ ਕਰਦੇ ਚਲੇ ਆ ਰਹੇ ਹਨ ਪਰ ਅਜੇ ਤਕ ...

ਇਹ ਠੀਕ ਹੈ! ਕਿ ਮੈਨੂੰ ਵੀ ਇਹ ਦਰਸ਼ਨ ਸੁਪਨੇ ਵਿਚ ਹੀ ਹੋ ਰਹੇ ਸਨ ਪਰ ਉਸ ਹਾਲਤ ਵਿਚ ਇਹ ਪ੍ਰਤੀਤ ਨਹੀਂ ਹੁੰਦਾ ਕਿ ਇਹ ਸੁਪਨਾ ਹੈ ਜਾਂ ਸਾਖਿਆਤ?

ਮੈਨੂੰ ਪਤਾ ਹੁੰਦਾ ਤਾਂ ਜਦੋਂ ਤੂੰ ਮੈਨੂੰ ਅਵਾਜ ਦਿਤੀ ਸੀ ਮੈ ਜਾਗਣ ਤੋਂ ਪਹਿਲਾਂ ਉਸ ਚਿਰੀ ਵਿਛੁਨੇ ਮਾਹੀ ਦੇ ਉਸ ਵਕਤ ਲਏ ਹੋਏ ਸਫੈਦ ਬਸਤਰ ਦੀ ਕੰਨੀ ਫੜ ਲੈਂਦਾ ਪਰ ਸਾਰਾ ਵਕਤ ਵਿਹਾ ਗਿਆ।

ਭਲੀਏ ਲੋਕੇ! ਮੇਰਾ ਤਾਂ ਹੁਣ ਵੀ ਜੀਅ ਕਰਦਾ ਹੈ ਕਿ ਗੁਰੂ ਜੀ ਦੇ ਕਥਨ ਅਨੁਸਾਰ ਆਖਾਂ ਕਿ:—

ਆਉ ਸੁਭਾਗੀ ਨੀਦੜੀਏ ਮਤ ਸਹੁ ਦੇਖਾ ਸੋਇ। (ਵਡਹੰਸ ਮ: ੧)

ਸੰਤ ਨਰਿੰਦਰ ਸਿੰਘ ਨੇ ਹਰਪਾਲ ਕੌਰ ਦੀਆਂ ਅਵਾਜਾਂ ਸੁਣਕੇ ਇਕ ਅੰਗੜਾਈ ਲੈਕੇ ਰਜ਼ਾਈ ਦੀ ਬੁਕਲ ਵਿਚੋਂ ਸਿਰ ਕਢ ਦਿਆਂ ਇਕੋ ਸਾਹੇ ਗਲਾਂ ਕਰ ਘਤੀਆਂ।

ਸੰਤ ਜੀ ਮਾਫ ਕਰਨਾਂ ਮੈਨੂੰ ਤੁਹਾਡੇ ਬਚਨ ਸੁਣਕੇ ਤੁਹਾਨੂੰ ਰਸ ਵਿਚ ਮਗਨ ਹੋਇਆਂ ਨੂੰ ਅਵਾਜ ਮਾਰਨ ਦਾ ਬੜਾ ਹੀ ਪਛਤਾਵਾ ਲਗਾ ਹੈ।

ਇਹ ਗਲ ਆਖਦੀ ਹੋਈ ਹਰਪਾਲ ਕੌਰ ਬਚੇ ਨੂੰ ਰੋਂਦਿਆਂ ਵੇਖਕੇ ਬਾਹਰ ਨੂੰ ਚਲੀ ਗਈ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ

ਆ ਕੇ ਦਰਸ਼ਨ ਦੇਵੋ ਪ੍ਰੀਤਮ

ਬੀਬੀ ਸਵਰਨ ਕੌਰ ਸ੍ਰੀ ਜੀਵਨ ਨਗਰ

ਬਲਦੀ ਅਗ ਵਿਛੋੜੇ ਵਾਲੀ ਦਿਲ ਤਪੇ ਤਕਦੀਰ ਜੀ।
ਆਕੇ ਦਰਸ਼ਨ ਦੇਵੋ ਪ੍ਰੀਤਮ ਮਨ ਮੇਰਾ ਦਿਲਗੀਰ ਜੀ।
ਪਿਆ ਵਿਛੋੜਾ ਸਤਿਗੁਰੂ ਜੀ ਦਾ ਰਾਤ ਦਿਨ ਮੈ ਪੁਕਾਰਾਂ।
ਸਦਾ ਕੌਰ ਦੀ ਅਖ ਦਿਆ ਤਾਰਿਆ ਤੈਨੂੰ ਸਦ ਚਿਤਾਰਾਂ।
ਰੋ ਰੋ ਕੇ ਅੱਖਾਂ ਵਿਚੋਂ ਵਗ ਰਿਹਾ ਹੈ ਨੀਰ ਜੀ। ਬਲਦੀ ਅਗ—
ਤ੍ਰੇਤੇ ਵਿਚ ਤੂੰ ਰਾਮ ਹੋ ਦਸਰਥ ਨੂੰ ਵਿਛੋੜਾ ਪਾਇਆ।
ਭਰਥ ਭਰਾਤਾ ਮਾਤ ਕੁਸ਼ਲਿਆ ਹੈ ਸੀ ਨੀਰ ਵਹਾਇਆ।
ਚੌਦਾ ਸਾਲ ਬਨਾਂ ਵਿਚ ਕਟੇ ਲੈਕੇ ਲਛਮਣ ਵੀਰ ਜੀ। ਬਲਦੀ ਅਗ—
ਬੰਬੀ ਨੰਦਾਂ ਨੂੰ ਹੋਇਆ ਹਨੇਰਾ ਜਾਂ ਪਿਤਾ ਗਡੇ ਬਹਿ ਚਲੇ।
ਭਰਥ ਸਮਾਨ ਹਰੀ ਗੁਰੂ ਆਖਨ ਕੌਣ ਵਿਛੋੜਾ ਝਲੇ।
ਜਰਨ ਨਾ ਹੋਸੀ ਗੁਰੂ ਵਿਛੋੜਾ ਮਾਰ ਚਲੇ ਹੋ ਤੀਰ ਜੀ। ਬਲਦੀ ਅਗ—
ਕੀਤਾ ਹੁਕਮ ਗੁਰੂ ਜੀ ਆਪਨੇ ਛੇਤੀ ਮੈ ਮੁੜ ਆਉਣਾ।
ਅਕਾਲ ਪੁਰਖ ਦਾ ਭਾਨਾ ਮੰਨਣਾ ਤੁਸਾਂ ਨਹੀ ਘਬਰਾਉਣਾ।
ਅਖੰਡ ਪਾਠ ਤੇ ਵਰਨੀਆਂ ਕਰਨੀਆਂ ਸਭ ਨੂੰ ਦੇਣੀ ਧੀਰ ਜੀ। ਬਲਦੀ ਅਗ—
ਸਵਾ ਲਖ ਹੁਣ ਪਾਠ ਹੋ ਰਿਹਾ ਆਕੇ ਦਰਸ ਦਿਖਾਨਾ।
ਭੁਲਣਹਾਰੇ ਅਸੀ ਜੀਵ ਹਾਂ ਸਾਨੂੰ ਆਪ ਸਮਝਾਣਾ।
ਸਿਧੇ ਰਸਤੇ ਪਾਵਨ ਵਾਲੇ ਆਪ ਪੀਰਾਂ ਦੇ ਪੀਰ ਜੀ। ਬਲਦੀ ਅਗ—
ਤੇਰੇ ਬਿਨਾਂ ਇਹ ਬਸੰਤ ਨਾ ਸਾਡੇ ਦਿਲਾ ਨੂੰ ਭਾਵੇ।
ਰੀਝ ਸਾਡੀ ਹੈ ਚੀਨੀ ਵਾਲੜਾ ਭੈਣੀ ਸਾਹਿਬ ਆਵੇ।
ਕਈ ਦੀਵਾਨੇ ਤੇਰੀ ਯਾਦ ਵਿਚ ਯੋਗੀ ਹੋਏ ਫਕੀਰ ਜੀ। ਬਲਦੀ ਅਗ—
ਹਾੜੇ ਕਢ ਕਢ ਸੰਗਤ ਕਹਿੰਦੀ ਪੂਰਾ ਕਰ ਇਕਰਾਰ ਜੀ।
ਸਵਰਨੋ ਨਿਮਾਣੀ ਅਰਜਾਂ ਕਰਦੀ ਆਵੋ ਕਿਰਪਾ ਧਾਰ ਜੀ।
ਨਸ਼ਤਰ ਲਾਕੇ ਮਾਹੀ ਹਿਜ਼ਰ ਦੀ ਹੋਰ ਨਾ ਸੀਨਾ ਚੀਰ ਜੀ। ਬਲਦੀ ਅਗ—

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com